# ਝੋਨੇ ਦੀ ਫ਼ਸਲ ਤੋਂ ਵਧੇਰੇ ਝਾੜ ਲੈਣ ਦੇ ਕਾਸ਼ਤਕਾਰੀ ਢੰਗ












**ਪੰਜਾਬ ਖੇਤੀਬਾੜੀ ਯੂਨੀਵਰਸਿਟੀ**

ਕ੍ਰਿਸ਼ੀ ਵਿਗਿਆਨ ਕੇਂਦਰ

ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ

# ਉੱਨਤ ਕਿਸਮਾਂ

## ਝੋਨੇ ਦੀਆਂ ਕਿਸਮਾਂ

| ਕਿਸਮ | ਵਿਸ਼ੇਸ਼ ਗੁੱਣ | ਸਿਫਾਰਸ਼ ਇਲਾਕਾ |
|---|---|---|
| ਪੀ ਆਰ 126 (2017) | • ਘੱਟ ਸਮਾਂ ਲੈਣ ਵਾਲੀ ਕਿਸਮ<br>• ਔਸਤਨ ਝਾੜ 30 ਕੁਇੰਟਲ /ਏਕੜ<br>• ਪੱਕਣ ਦਾ ਸਮਾਂ 123 ਦਿਨ | ਸਾਰਾ ਪੰਜਾਬ |
| ਪੀ ਆਰ 121 (2013) | • ਸਭ ਤੋਂ ਵੱਧ ਪ੍ਰਚੱਲਿਤ ਕਿਸਮ<br>• ਔਸਤਨ ਝਾੜ 30.5 ਕੁਇੰਟਲ /ਏਕੜ<br>• ਪੱਕਣ ਦਾ ਸਮਾਂ 140 ਦਿਨ<br>• ਝੁਲਸ ਰੋਗ ਦਾ ਟਾਕਰਾ ਕਰਨ ਦੇ ਸਮਰੱਥ | ਸਾਰਾ ਪੰਜਾਬ |
| ਪੀ ਆਰ 124 (2015) | • ਔਸਤਨ ਝਾੜ 30.5 ਕੁਇੰਟਲ / ਏਕੜ<br>• ਪਨੀਰੀ 25 ਦਿਨਾਂ ਵਿੱਚ ਤਿਆਰ<br>• ਪੱਕਣ ਦਾ ਸਮਾਂ 135 ਦਿਨ<br>• ਝੁਲਸ ਰੋਗ ਦਾ ਟਾਕਰਾ ਕਰਨ ਦੇ ਸਮਰੱਥ<br>• ਭੁਰੇ ਧੱਬੇ ਦੇ ਹਮਲੇ ਦਾ ਅਸਾਰ ਜਿਆਦਾ | ਸਾਰਾ ਪੰਜਾਬ ਅਤੇ ਹਰਿਆਣਾ |
| ਪੀ ਆਰ 122 (2013) | • ਔਸਤਨ ਝਾੜ 31.5 ਕੁਇੰਟਲ /ਏਕੜ<br>• ਪੱਕਣ ਦਾ ਸਮਾਂ 147 ਦਿਨ<br>• ਝੁਲਸ ਰੋਗ ਦਾ ਟਾਕਰਾ ਕਰਨ ਦੇ ਸਮਰੱਥ | ਸਾਰਾ ਪੰਜਾਬ |
| ਪੀ ਆਰ 123 (2014) | • ਨਿਰਯਾਤ ਲਈ ਢੁੱਕਵੀਂ ਕਿਸਮ<br>• ਔਸਤਨ ਝਾੜ 29 ਕੁਇੰਟਲ / ਏਕੜ<br>• ਪੱਕਣ ਦਾ ਸਮਾਂ 143 ਦਿਨ<br>• ਝੁਲਸ ਰੋਗ ਦਾ ਟਾਕਰਾ ਕਰਨ ਦੇ ਸਮਰੱਥ<br>• ਉੱਤਮ ਕੁਆਲਿਟੀ ਅਤੇ ਪਤਲੇ ਚਮਕਦਾਰ ਚੌਲ | ਸਾਰਾ ਪੰਜਾਬ |
| ਪੀਆਰ 114 (1999) | • ਉੱਤਮ ਕੁਆਲਿਟੀ ਅਤੇ ਨਿਰਯਾਤ ਲਈ ਢੁੱਕਵੀਂ<br>• ਔਸਤਨ ਝਾੜ 27.5 ਕੁਇੰਟਲ / ਏਕੜ<br>• ਪੱਕਣ ਦਾ ਸਮਾਂ 145 ਦਿਨ | ਸਾਰਾ ਪੰਜਾਬ |
| ਪੀ ਆਰ 115 (2000) | • ਥੋੜੇ ਸਮੇਂ(125 ਦਿਨ) ਵਿੱਚ ਪੱਕਣ ਵਾਲੀ ਕਿਸਮ<br>• ਸਿੱਧੀ ਬਿਜਾਈ ਲਈ ਢੁੱਕਵੀਂ<br>• ਔਸਤਨ ਝਾੜ 25.0 ਕੁਇੰਟਲ / ਏਕੜ<br>• ਝੁਲਸ ਰੋਗ ਦੀਆਂ ਪੰਜਾਬ ਵਿੱਚ ਪ੍ਰਚੱਲਿਤ ਜਿਆਦਾਤਰ ਕਿਸਮਾਂ ਦਾ ਟਾਕਰਾ ਕਰਨ ਵਿੱਚ ਸਮਰੱਥ | ਸਾਰਾ ਪੰਜਾਬ |

## ਬਾਸਮਤੀ ਦੀਆਂ ਕਿਸਮਾਂ

| ਕਿਸਮ | ਵਿਸ਼ੇਸ਼ ਗੁੱਣ | ਸਿਫਾਰਸ਼ ਇਲਾਕਾ |
|---|---|---|
| ਪੰਜਾਬ ਬਾਸਮਤੀ 5 (2017) | • ਪ੍ਰਕਾਸ਼ ਨੂੰ ਸੰਵੇਦਨਸ਼ੀਲ ਕਿਸਮ ਜੋ ਦਿਨ ਛੋਟੇ ਹੋਣ (25 ਸਤੰਬਰ ਤੋਂ ਬਾਅਦ) ਤੇ ਨਿਸਰਦੀਆਂ ਹਨ।<br>• ਔਸਤਨ ਕੱਦ 112 ਸੈਂਟੀਮੀਟਰ<br>• ਔਸਤਨ ਝਾੜ 15.0 ਕੁਇੰਟਲ/ ਏਕੜ<br>• ਝੁਲਸ ਰੋਗ ਦੇ ਪੰਜਾਬ ਵਿੱਚ ਪ੍ਰਚੱਲਿਤ ਸਾਰੇ ਜੀਵਾਣੂਆਂ ਦਾ ਟਾਕਰਾ ਕਰਨ ਦੇ ਸਮਰੱਥ<br>• ਉੱਤਮ ਕੁਆਲਟੀ ਦੇ ਪਤਲੇ ਲੰਬੇ, ਖੁਸ਼ਬੂਦਾਰ ਅਤੇ ਨਾ ਜੁੜਨ ਵਾਲੇ ਚੌਲ<br>• ਪੱਕਣ ਦਾ ਸਮਾਂ 137 ਦਿਨ | ਬਾਸਮਤੀ ਵਾਲੇ ਇਲਾਕਿਆਂ ਲਈ |
| ਪੰਜਾਬ ਬਾਸਮਤੀ 4 (2017) | • ਪ੍ਰਕਾਸ਼ ਨੂੰ ਸੰਵੇਦਨਸ਼ੀਲ ਕਿਸਮ ਜੋ ਦਿਨ ਛੋਟੇ ਹੋਣ (25 ਸਤੰਬਰ ਤੋਂ ਬਾਅਦ) ਤੇ ਨਿਸਰਦੀਆਂ ਹਨ।<br>• ਔਸਤਨ ਕੱਦ 96 ਸੈਂਟੀਮੀਟਰ<br>• ਔਸਤਨ ਝਾੜ 17.0 ਕੁਇੰਟਲ/ ਏਕੜ<br>• ਝੁਲਸ ਰੋਗ ਦੇ ਪੰਜਾਬ ਵਿੱਚ ਪ੍ਰਚੱਲਿਤ ਸਾਰੇ ਜੀਵਾਣੂਆਂ ਦਾ ਟਾਕਰਾ ਕਰਨ ਦੇ ਸਮਰੱਥ<br>• ਪੱਕਣ ਦਾ ਸਮਾਂ 146 ਦਿਨ | ਬਾਸਮਤੀ ਵਾਲੇ ਇਲਾਕਿਆਂ ਲਈ |
| ਸੀ ਐਸ ਆਰ 30 (2017) | • ਔਸਤਨ ਕੱਦ 139 ਸੈਂਟੀਮੀਟਰ<br>• ਔਸਤਨ ਝਾੜ 13.5 ਕੁਇੰਟਲ/ ਏਕੜ<br>• ਚੌਲ ਪਤਲੇ ਲੰਬੇ, ਨਾ ਜੁੜਨ ਵਾਲੇ ਅਤੇ ਸੁਆਦੀ<br>• ਪੱਕਣ ਦਾ ਸਮਾਂ 142 ਦਿਨ | ਬਾਸਮਤੀ ਵਾਲੇ ਇਲਾਕਿਆਂ ਲਈ |
| ਪੰਜਾਬ ਬਾਸਮਤੀ – 3 (2013) | • ਪ੍ਰਕਾਸ਼ ਨੂੰ ਸੰਵੇਦਨਸ਼ੀਲ ਕਿਸਮ ਜੋ ਦਿਨ ਛੋਟੇ ਹੋਣ (25 ਸਤੰਬਰ ਤੋਂ ਬਾਅਦ) ਤੇ ਨਿਸਰਦੀਆਂ ਹਨ।<br>• ਔਸਤਨ ਝਾੜ 16.0 ਕੁਇੰਟਲ/ ਏਕੜ<br>• ਝੁਲਸ ਰੋਗ ਦੇ ਪੰਜਾਬ ਵਿੱਚ ਪ੍ਰਚੱਲਿਤ ਸਾਰੇ ਜੀਵਾਣੂਆਂ ਦਾ ਟਾਕਰਾ ਕਰਨ ਦੇ ਸਮਰੱਥ<br>• ਪੱਕਣ ਦਾ ਸਮਾਂ 139 ਦਿਨ ਅਤੇ ਔਸਤਨ ਕੱਦ 105 ਸੈਂਟੀਮੀਟਰ<br>• ਚੌਲ ਜਿਆਦਾ ਲੰਬੇ, ਪਤਲੇ, ਖੁਸ਼ਬੂਦਾਰ, ਨਾ ਜੁੜਨ ਵਾਲੇ ਅਤੇ ਸੁਆਦੀ | ਬਾਸਮਤੀ ਵਾਲੇ ਇਲਾਕਿਆਂ ਲਈ |
| ਪੂਸਾ ਬਾਸਮਤੀ – 1121 (2008) | • ਪ੍ਰਕਾਸ਼ ਨੂੰ ਅਸੰਵੇਦਨਸ਼ੀਲ(ਦਿਨਾਂ ਦੀ ਲੰਬਾਈ ਦਾ ਨਿਸਰਣ ਤੇ ਕੋਈ ਅਸਰ ਨਹੀਂ ਪੈਂਦਾ)।<br>• ਰਿੱਝੇ ਹੋਏ ਚੌਲਾਂ ਦੀ ਲੰਬਾਈ ਸਾਰੀਆਂ ਕਿਸਮਾਂ ਨਾਲੋ ਵੱਧ<br>• ਔਸਤਨ ਝਾੜ 13.7 ਕੁਇੰਟਲ/ ਏਕੜ<br>• ਪੱਕਣ ਦਾ ਸਮਾਂ 137 ਦਿਨ ਅਤੇ ਔਸਤਨ ਕੱਦ 120 ਸੈਂਟੀਮੀਟਰ | ਬਾਸਮਤੀ ਵਾਲੇ ਇਲਾਕਿਆਂ ਲਈ |

| | | |
|---|---|---|
| ਪੰਜਾਬ ਬਾਸਮਤੀ – 2 (2008) | • ਪ੍ਰਕਾਸ਼ ਨੂੰ ਸੰਵੇਦਨਸ਼ੀਲ ਕਿਸਮਾਂ ਜੋ ਦਿਨ ਛੋਟੇ ਹੋਣ (25 ਸਤੰਬਰ ਤੋਂ ਬਾਅਦ) ਤੇ ਨਿਸਰਦੀਆਂ ਹਨ।<br>• ਔਸਤਨ ਝਾੜ 12.6 ਕੁਇੰਟਲ/ ਏਕੜ<br>• ਪੱਕਣ ਦਾ ਸਮਾਂ 140 ਦਿਨ ਅਤੇ ਔਸਤਨ ਕੱਦ 125 ਸੈਂਟੀਮੀਟਰ<br>• ਚੌਲ ਲੰਬੇ, ਪਤਲੇ ਅਤੇ ਖੁਸ਼ਬੂਦਾਰ | ਬਾਸਮਤੀ ਵਾਲੇ ਇਲਾਕਿਆਂ ਲਈ |
| ਬਾਸਮਤੀ –386 (1995) | • ਪ੍ਰਕਾਸ਼ ਨੂੰ ਸੰਵੇਦਨਸ਼ੀਲ ਕਿਸਮਾਂ ਜੋ ਦਿਨ ਛੋਟੇ ਹੋਣ (25 ਸਤੰਬਰ ਤੋਂ ਬਾਅਦ) ਤੇ ਨਿਸਰਦੀਆਂ ਹਨ।<br>• ਉੱਤਮ ਕੁਆਲਿਟੀ ਦੇ ਖੁਸ਼ਬੂਦਾਰ ਨਾ ਜੁੜਨ ਵਾਲੇ ਚੌਲ<br>• ਔਸਤਨ ਝਾੜ 9.0 ਕੁਇੰਟਲ / ਏਕੜ<br>• ਪੱਕਣ ਦਾ ਸਮਾਂ 155 ਦਿਨ ਅਤੇ ਔਸਤਨ ਕੱਦ 180 ਸੈਂਟੀਮੀਟਰ | ਬਾਸਮਤੀ ਵਾਲੇ ਇਲਾਕਿਆਂ ਲਈ |

# ਬਿਜਾਈ

## ਪਨੀਰੀ ਨਾਲ ਝੋਨੇ ਦੀ ਬਿਜਾਈ

1. **ਪਨੀਰੀ ਬੀਜਣ ਦਾ ਸਮਾਂ :** 15 ਤੋਂ 30 ਮਈ ।
2. **ਬੀਜ ਦੀ ਮਾਤਰਾ ਤੇ ਸੋਧ :**
   - 8 ਕਿਲੋ ਪ੍ਰਤੀ ਏਕੜ ।
   - ਬੀਜ ਨੂੰ 20 ਗ੍ਰਾਮ ਬਾਵਿਸਟਨ (ਕਾਰਬੈਂਡਾਜਿਮ) ਅਤੇ ਇੱਕ ਗ੍ਰਾਮ ਸਟਰੈਪਟੋਸਾਈਕਲੀਨ ਦੇ 10 ਲਿਟਰ ਪਾਣੀ ਦੇ ਘੋਲ ਵਿੱਚ ਬਿਜਾਈ ਤੋਂ 8-10 ਘੰਟੇ ਪਹਿਲਾਂ ਡੁਬੋ ਕੇ ਕਰ ਲਉ।
3. **ਜ਼ਮੀਨ ਦੀ ਤਿਆਰੀ, ਖਾਦ ਦੀ ਵਰਤੋਂ ਅਤੇ ਬੀਜਣ ਦਾ ਢੰਗ :**
   - 12-15 ਟਨ ਗਲੀ-ਸੜੀ ਰੂੜੀ ਜਾਂ ਕੰਪੋਸਟ ਇੱਕ ਏਕੜ ਦੇ ਹਿਸਾਬ ਨਾਲ ਮਿੱਟੀ ਵਿੱਚ ਰਲਾਉ ।
   - ਕੱਦੂ ਦੀ ਆਖਰੀ ਵਾਹੀ ਸਮੇਂ 26 ਕਿਲੋ ਯੂਰੀਆ ਅਤੇ 60 ਕਿਲੋ ਸੁਪਰਫ਼ਾਸਫ਼ੇਟ ਪ੍ਰਤੀ ਏਕੜ ਦੇ ਹਿਸਾਬ ਖਿਲਾਰ ਦਿਉ ।
   - ਸਿਹਤਮੰਦ ਪਨੀਰੀ ਲਈ 40 ਕਿਲੋ ਜ਼ਿੰਕ ਸਲਫ਼ੇਟ ਹੈਪਟਾਹਾਈਡ੍ਰੇਟ ਜਾਂ 25.5 ਕਿਲੋ ਜ਼ਿੰਕ ਸਲਫ਼ੇਟ ਮੋਨੋਹਾਈਡ੍ਰੇਟ ਪ੍ਰਤੀ ਏਕੜ ਪਾਉ ।
   - ਖੇਤ ਵਿੱਚ 10×2 ਮੀਟਰ ਆਕਾਰ ਦੇ ਕਿਆਰੇ ਬਣਾਉ, ਜੋ ਕਿ ਲੋੜ ਅਨੁਸਾਰ ਵਧਾਏ-ਘਟਾਏ ਜਾ ਸਕਦੇ ਹਨ ।
   - ਸੋਧੇ ਹੋਏ ਬੀਜ ਨੂੰ ਗਿੱਲੀਆਂ ਬੋਰੀਆਂ ਉਪਰ ਪੁੰਗਰਾ ਲਵੋ।
   - ਬਿਜਾਈ ਕਰ ਦਿਓ।
4. **ਨਦੀਨਾਂ ਦੀ ਰੋਕਥਾਮ :**
   - 1200 ਮਿਲੀਲਿਟਰ/ਏਕੜ ਤਰਲ ਬੂਟਾਕਲੋਰ 50 ਈ ਸੀ ਜਾਂ ਥਾਇਓਬੈਨਕਾਰਬ 50 ਈ ਸੀ ਦੇ ਵੱਖ ਵੱਖ ਬਰਾਂਡਾ ਨੂੰ 60 ਕਿਲੋ ਰੇਤ ਵਿੱਚ ਮਿਲਾ ਕੇ ਪੁੰਗਰੇ ਹੋਏ ਬੀਜ ਦਾ ਛੱਟਾ ਦੇਣ ਤੋਂ 7 ਦਿਨਾਂ ਪਿਛੋਂ ਛੱਟਾ ਦਿਉ।
   - ਇਹਨਾਂ ਨਦੀਨ-ਨਾਸ਼ਕਾਂ ਦੀ ਵਰਤੋਂ ਕੱਦੂ ਕਰਨ ਅਤੇ ਪੁੰਗਰੇ ਹੋਏ ਬੀਜ ਦਾ ਛੱਟਾ ਦੇਣ ਤੋਂ 3 ਤੋਂ 7 ਦਿਨ ਪਹਿਲਾਂ ਵੀ ਕੀਤੀ ਜਾ ਸਕਦੀ ਹੈ ।
   - ਜਾਂ 500 ਮਿਲੀਲਿਟਰ ਪ੍ਰਤੀ ਏਕੜ ਸੋਫਿਟ 37.5 ਈ ਸੀ (ਪ੍ਰੈਟੀਲਾਕਲੋਰ + ਸੇਫਨਰ ਮਿਲੀਆਂ ਹੋਈਆਂ) ਨੂੰ ਰੇਤ ਵਿੱਚ ਮਿਲਾ ਕੇ ਝੋਨੇ ਦੇ ਪੁੰਗਰੇ ਹੋਏ ਬੀਜ ਬੀਜਣ ਤੋਂ 3 ਦਿਨਾਂ ਪਿੱਛੋਂ ਛੱਟਾ ਦੇਣ ਨਾਲ ਕੀਤੀ ਜਾ ਸਕਦੀ ਹੈ ।
   - ਜਾਂ 100 ਮਿਲੀਲਿਟਰ ਪ੍ਰਤੀ ਏਕੜ ਨੌਮਿਨੀ ਗੋਲਡ/ਵਾਸ਼ ਆਊਟ/ਮਾਚੋ/ਤਾਰਕ 10 ਐਸ ਸੀ (ਬਿਸਪਾਇਰੀਬੈਕ) ਨੂੰ 150 ਲਿਟਰ ਪਾਣੀ ਵਿੱਚ ਘੋਲ ਕੇ ਝੋਨੇ ਦੇ ਪੁੰਗਰੇ ਹੋਏ ਬੀਜ ਬੀਜਣ ਤੋਂ 15-20 ਦਿਨਾਂ ਪਿਛੋਂ ਛਿੜਕਣ ਨਾਲ ਵੀ ਕੀਤੀ ਜਾ ਸਕਦੀ ਹੈ।

## ਪਨੀਰੀ ਪੁੱਟ ਕੇ ਲਾਉਣਾ

1. **ਪਨੀਰੀ ਲਾਉਣ ਦਾ ਸਮਾਂ**
   - ਜੂਨ ਦਾ ਦੂਜਾ ਪੰਦਰ੍ਹਵਾੜਾ ਹੈ ।
   - ਪੀ ਆਰ 126 ਅਤੇ ਪੀ ਆਰ 115 ਕਿਸਮ ਦੀ ਲੁਆਈ ਪਛੇਤੀਆਂ ਹਾਲਤਾਂ ਵਿੱਚ ਕਰੋ ।
2. **ਖੇਤ ਵਿੱਚ ਲਾਉਣ ਸਮੇਂ ਪਨੀਰੀ ਦੀ ਉਮਰ**
   - 25-30 ਦਿਨਾਂ ਦੀ ਪਨੀਰੀ ਵਰਤੋ।
   - ਲੰਮਾ ਸਮੇਂ ਵਾਲੀਆਂ ਕਿਸਮਾਂ ਲਈ 30-55 ਦਿਨਾਂ ਦੀ ਪਨੀਰੀ ਵਰਤੀ ਜਾ ਸਕਦੀ ਹੈ ।
3. **ਪਨੀਰੀ ਪੁੱਟਣਾ**
   - ਪਨੀਰੀ ਨੂੰ ਪਾਣੀ ਲਾ ਕੇ ਪੁੱਟੋ ।

**4. ਪਨੀਰੀ ਲਾਉਣ ਦਾ ਢੰਗ**

- ਸਮੇਂ ਸਿਰ ਬਿਜਾਈ ਲਾਈਨਾਂ ਤੇ ਬੂਟਿਆਂ ਵਿਚਕਾਰ ਫ਼ਾਸਲਾ 20×15 ਸੈਂਟੀਮੀਟਰ (33 ਬੂਟੇ ਪ੍ਰਤੀ ਵਰਗ ਮੀਟਰ)
- ਪਛੇਤੀ ਬਿਜਾਈ 15×15 ਸੈਂਟੀਮੀਟਰ (44 ਬੂਟੇ ਪ੍ਰਤੀ ਵਰਗ ਮੀਟਰ) ਰੱਖੋ।
- ਬੂਟੇ ਸਿੱਧੇ ਉਪਰ ਨੂੰ ਅਤੇ 2-3 ਸੈਂਟੀਮੀਟਰ ਡੂੰਘੇ ਲਾਉ ।

**5. ਬੈੱਡਾਂ ਉੱਤੇ ਲੁਆਈ**

- ਸਿਫ਼ਾਰਸ਼ ਕੀਤੀਆਂ ਖਾਦਾਂ ਦਾ ਛੱਟਾ ਦੇਣ ਉਪਰੰਤ ਬੈੱਡ ਤਿਆਰ ਕਰੋ ।
- ਖਾਲ਼ੀਆਂ ਵਿਚ ਪਾਣੀ ਲਾ ਕੇ 9 ਸੈਂਟੀਮੀਟਰ ਦੇ ਫ਼ਾਸਲੇ ਤੇ ਬੂਟੇ ਲਾਓ।
- ਲੁਆਈ ਤੋਂ ਪਹਿਲੇ ਪੰਦਰਾਂ ਦਿਨਾਂ ਦੌਰਾਨ 24 ਘੰਟੇ ਵਿਚ ਇਕ ਵਾਰ ਪਾਣੀ ਬੈੱਡਾਂ ਉੱਤੋਂ ਦੀ ਲੰਘਾ ਦਿਓ।
- ਇਸ ਤੋਂ ਬਾਅਦ ਪਾਣੀ ਕੇਵਲ ਖਾਲ਼ੀਆਂ ਵਿਚ ਹੀ ਪਹਿਲੇ ਪਾਣੀ ਦੇ ਜੀਰਨ ਤੋਂ ਦੋ ਦਿਨ ਬਾਅਦ ਲਾਓ ।
- ਨਦੀਨਾਂ ਦੀ ਰੋਕਥਾਮ ਲਈ ਨੌਮਨੀਗੋਲਡ/ਵਾਸ਼ ਆਊਟ/ਤਾਰਕ/ਮਾਚੋ 10 ਐਸ ਸੀ (ਬਿਸਪਾਇਰੀਬੈਕ) 120 ਮਿਲੀਲਿਟਰ/ ਏਕੜ 150 ਲਿਟਰ ਪਾਣੀ ਵਿੱਚ ਘੋਲ ਕੇ ਝੋਨੇ ਦੀ ਲੁਆਈ ਦੇ 20-25 ਦਿਨਾਂ ਬਾਅਦ ਛਿੜਕਾਅ ਕਰੋ ।

**6. ਮਸ਼ੀਨ ਨਾਲ ਝੋਨੇ ਦੀ ਪਨੀਰੀ ਦੀ ਲੁਆਈ**

- ਝੋਨੇ ਦੀ ਮੈਟ ਵਾਲੀ ਪਨੀਰੀ ਨੂੰ ਮਸ਼ੀਨ ਨਾਲ 30×12 ਸੈਂਟੀਮੀਟਰ ਦੇ ਫ਼ਾਸਲੇ ਤੇ ਲਾਉਣਾ ਚਾਹੀਦਾ ਹੈ ।

## ਬਾਸਮਤੀ

**ਪਨੀਰੀ ਬੀਜਣ ਅਤੇ ਪੁੱਟ ਕੇ ਲਾਉਣ ਦਾ ਸਮਾਂ**

| ਕਿਸਮਾਂ | ਪਨੀਰੀ ਬੀਜਣ ਦਾ ਸਮਾਂ | ਲੁਆਈ ਦਾ ਸਮਾਂ |
|---|---|---|
| ਪੰਜਾਬ ਬਾਸਮਤੀ 5 ,ਪੰਜਾਬ ਬਾਸਮਤੀ 4, ਪੰਜਾਬ ਬਾਸਮਤੀ 3, ਪੰਜਾਬ ਬਾਸਮਤੀ 2, ਪੂਸਾ ਬਾਸਮਤੀ 1121 | ਜੂਨ ਦਾ ਪਹਿਲਾ ਪੰਦਰਵਾੜਾ | ਜੁਲਾਈ ਦਾ ਪਹਿਲਾ ਪੰਦਰਵਾੜਾ |
| ਸੀ ਐਸ ਆਰ 30, ਬਾਸਮਤੀ 370, ਬਾਸਮਤੀ 386, ਪੂਸਾ ਬਾਸਮਤੀ 1509 | ਜੂਨ ਦਾ ਦੂਜਾ ਪੰਦਰਵਾੜਾ | ਜੁਲਾਈ ਦਾ ਦੂਜਾ ਪੰਦਰਵਾੜਾ |

- ਬਾਸਮਤੀ 386 ਅਤੇ ਬਾਸਮਤੀ 370 ਕਿਸਮਾਂ ਨੂੰ ਡਿੱਗਣ ਤੋਂ ਬਚਾਉਣ ਵਾਸਤੇ ਪਨੀਰੀ ਲਾਉਣ ਤੋਂ 45 ਦਿਨਾਂ ਬਾਅਦ ਫ਼ਸਲ ਨੂੰ ਉੱਪਰੋਂ ਅੱਧਾ ਕੱਟ ਦੇਣਾ ਚਾਹੀਦਾ ਹੈ ।

1. **ਪਨੀਰੀ ਦੀ ਉਮਰ :** 25-30 ਦਿਨ।
2. ਪਨੀਰੀ ਨੂੰ ਪੁੱਟ ਕੇ ਖੇਤ ਵਿੱਚ ਲਾਉਣ ਦਾ ਤਰੀਕਾ : ਝੋਨੇ ਮੁਤਾਬਿਕ
3. ਖਾਦਾਂ :
   - ਸੀ ਐਸ ਆਰ 30, ਬਾਸਮਤੀ 386 ਅਤੇ ਬਾਸਮਤੀ 370 ਨੂੰ 18 ਕਿਲੋ ਯੂਰੀਆ
   - ਪੰਜਾਬ ਬਾਸਮਤੀ 5, ਪੰਜਾਬ ਬਾਸਮਤੀ 4, ਪੰਜਾਬ ਬਾਸਮਤੀ 3, ਪੰਜਾਬ ਬਾਸਮਤੀ 2 ਅਤੇ ਪੂਸਾ ਬਾਸਮਤੀ 1121 ਨੂੰ 36 ਕਿਲੋ ਯੂਰੀਆ
   - ਪੂਸਾ ਬਾਸਮਤੀ 1509 ਨੂੰ 54 ਕਿਲੋ ਯੂਰੀਆ ਪ੍ਰਤੀ ਏਕੜ ਦੋ ਬਰਾਬਰ ਕਿਸ਼ਤਾਂ ਵਿਚ ਛੱਟੇ ਨਾਲ ਪਾਉ।
   - ਪਹਿਲੀ ਕਿਸ਼ਤ ਖੇਤ ਵਿੱਚ ਪਨੀਰੀ ਪੁੱਟ ਕੇ ਲਾਉਣ ਤੋਂ 3 ਹਫ਼ਤੇ ਪਿੱਛੋਂ ਅਤੇ ਦੂਜੀ 6 ਹਫ਼ਤੇ ਪਿੱਛੋਂ ਪਾਉ।

# ਸਿੰਚਾਈ

## ਝੋਨਾ

- ਪਨੀਰੀ ਲਾਉਣ ਪਿੱਛੋਂ 2 ਹਫ਼ਤੇ ਤੱਕ ਪਾਣੀ ਖੇਤ ਵਿੱਚ ਖੜ੍ਹਾ ਰੱਖੋ।
- ਇਸ ਪਿੱਛੋਂ ਪਾਣੀ ਉਸ ਵੇਲੇ ਦਿਉ ਜਦ ਪਾਣੀ ਜਜ਼ਬ ਹੋਏ ਨੂੰ ਦੋ ਦਿਨ ਹੋ ਗਏ ਹੋਣ । ਪਰ ਜ਼ਮੀਨ ਵਿੱਚ ਤ੍ਰੇੜਾਂ ਨਾ ਪੈਣ।
- ਜੇ ਪਾਣੀ ਟੈਂਸ਼ੀਓਮੀਟਰ ਵਿਧੀ ਨਾਲ ਲਗਾਉਣਾ ਹੋਵੇ ਤਾਂ 15-20 ਸੈਂਟੀਮੀਟਰ ਡੂੰਘਾਈ ਤੇ ਲੱਗੇ ਟੈਂਸ਼ੀਓਮੀਟਰ ਵਿੱਚ ਜਦੋਂ ਪਾਣੀ ਦਾ ਪੱਧਰ ਹਰੀ ਪੱਟੀ ਤੋਂ ਪੀਲੀ ਪੱਟੀ ਵਿੱਚ ਦਾਖਲ ਹੋ ਜਾਏ ਤਾਂ ਪਾਣੀ ਲਗਾਉ ।
- ਫ਼ਸਲ ਪੱਕਣ ਤੋਂ ਦੋ ਹਫ਼ਤੇ ਪਹਿਲਾਂ ਪਾਣੀ ਦੇਣਾ ਬੰਦ ਕਰ ਦਿਉ।

## ਬਾਸਮਤੀ

- ਪਨੀਰੀ ਖੇਤ ਵਿੱਚ ਲਾਉਣ ਤੋਂ ਪਿੱਛੋਂ 2 ਹਫ਼ਤੇ ਤੱਕ ਪਾਣੀ ਲਗਾਤਾਰ ਖੜ੍ਹਾ ਰੱਖੋ ।
- ਇਸ ਪਿੱਛੋਂ ਪਾਣੀ ਉਸ ਵੇਲੇ ਲਾਉ ਜਦੋਂ ਪਹਿਲਾ ਪਾਣੀ ਜ਼ੀਰੇ ਨੂੰ ਦੋ ਦਿਨ ਹੋ ਗਏ ਹੋਣ ।
- ਫ਼ਸਲ ਕੱਟਣ ਤੋਂ ਤਕਰੀਬਨ 15 ਦਿਨ ਪਹਿਲਾਂ ਪਾਣੀ ਦੇਣਾ ਬੰਦ ਕਰ ਦਿਉ।

# ਖਾਦਾਂ ਦੀ ਵਰਤੋਂ

## ਜੈਵਿਕ ਖਾਦਾਂ

| ਖਾਦ | ਟਨ ਪ੍ਰਤੀ ਏਕੜ | ਰਸਾਇਣਕ ਖਾਦ ਦੀ ਬਚਤ |
|---|---|---|
| ਰੂੜੀ | 6 | 16 ਕਿਲੋ ਨਾਈਟਰੋਜਨ (35 ਕਿਲੋ ਯੂਰੀਆ) |
| ਮੁਰਗੀਆਂ ਦੀ ਖਾਦ | 2.5 | 25 ਕਿਲੋ ਨਾਈਟ੍ਰੋਜਨ (50 ਕਿਲੋ ਯੂਰੀਆ) |
| ਪਰਾਲੀਚਾਰ | 2.0 | 16 ਕਿਲੋ ਨਾਈਟਰੋਜਨ (35 ਕਿਲੋ ਯੂਰੀਆ) |

## ਹਰੀ ਖਾਦ

- 20 ਕਿਲੋ ਢੈਂਚੇ ਦਾ ਬੀਜ, ਜਿਹੜਾ ਕਿ 8 ਘੰਟੇ ਪਾਣੀ ਵਿੱਚ ਭਿੱਜਾ ਰਿਹਾ ਹੋਵੇ, ਜਾਂ 20 ਕਿਲੋ ਸਣ ਦਾ ਬੀਜ ਜਾਂ 12 ਕਿਲੋ ਰਵਾਂਹ ਦਾ ਬੀਜ ਪ੍ਰਤੀ ਏਕੜ ਦੇ ਹਿਸਾਬ ਬੀਜ ਦਿਉ ।
- ਖੇਤਾਂ ਵਿੱਚ ਝੋਨੇ ਦੀ ਪਨੀਰੀ ਲਾਉਣ ਤੋਂ ਇੱਕ ਦਿਨ ਪਹਿਲਾਂ ਹਰੀ ਖਾਦ ਦੀ ਫ਼ਸਲ ਨੂੰ ਦੱਬ ਦਿਉ । ਇਸ ਤਰ੍ਹਾਂ 6-8 ਹਫ਼ਤੇ ਦੀ ਹਰੀ ਖਾਦ ਦੱਬਣ ਨਾਲ 25 ਕਿਲੋ ਨਾਈਟਰੋਜਨ ਤੱਤ (55 ਕਿਲੋ ਯੂਰੀਆ) ਦੀ ਪ੍ਰਤੀ ਏਕੜ ਬੱਚਤ ਹੋ ਜਾਂਦੀ ਹੈ ।
- ਜੇਕਰ ਮੂੰਗੀ ਦੀ ਫ਼ਸਲ, ਫ਼ਲੀਆਂ ਤੋੜ ਕੇ ਪਨੀਰੀ ਲਾਉਣ ਤੋਂ ਇੱਕ ਦਿਨ ਪਹਿਲਾਂ ਖੇਤ ਵਿੱਚ ਦਬਾਈ ਜਾਵੇ ਤਾਂ ਨਾਈਟਰੋਜਨ ਵਾਲੀ ਖਾਦ ਤੀਜਾ ਹਿੱਸਾ ਘਟਾ ਦਿਉ ।

## ਰਸਾਇਣਕ ਖਾਦਾਂ

- ਖਾਦਾਂ ਦੀ ਵਰਤੋਂ ਮਿੱਟੀ ਪਰਖ਼ ਆਧਾਰ ਤੇ ਕਰੋ ।
- ਜੇ ਮਿੱਟੀ ਦੀ ਪਰਖ਼ ਨਹੀਂ ਕਰਵਾਈ ਤਾਂ ਝੋਨੇ ਲਈ ਦਰਮਿਆਨੀ ਉਪਜਾਊ ਜ਼ਮੀਨ ਲਈ 37 ਕਿਲੋ ਯੂਰੀਆ ਪ੍ਰਤੀ ਏਕੜ ਆਖਰੀ ਕੱਦੂ ਕਰਨ ਤੋਂ ਪਹਿਲਾਂ ਪਾ ਦਿਉ ।
- ਬਾਕੀ ਰਹਿੰਦੀ 74 ਕਿਲੋ ਯੂਰੀਆ ਖਾਦ ਨੂੰ ਦੋ ਬਰਾਬਰ ਹਿੱਸਿਆਂ ਵਿੱਚ ਪਨੀਰੀ ਪੁੱਟ ਕੇ ਲਾਉਣ ਤੋਂ ਤਿੰਨ ਅਤੇ ਛੇ ਹਫ਼ਤੇ ਬਾਅਦ ਛੱਟੇ ਨਾਲ ਪਾਉ ।
- ਫਾਸਫ਼ੋਰਸ ਤੱਤ ਦੀ ਘਾਟ ਵਾਲੀਆ ਜਮੀਨਾ ਵਿੱਚ 27 ਕਿਲੋ ਡੀ ਏ ਪੀ ਜਾਂ 75 ਕਿਲੋ ਸਿੰਗਲ ਸੁਪਰ ਫਾਸਫੇਟ ਪ੍ਰਤੀ ਏਕੜ ਆਖਰੀ ਕੱਦੂ ਕਰਨ ਤੋਂ ਪਹਿਲਾਂ ਪਾ ਦਿਉ।
- ਪੋਟਾਸ਼ ਤੱਤ ਦੀ ਘਾਟ ਵਾਲੀਆ ਜਮੀਨਾ ਵਿੱਚ 20 ਕਿਲੋ ਮਿਊਰੇਟ ਆਫ ਪੋਟਾਸ਼ ਪ੍ਰਤੀ ਏਕੜ ਪਾਓ ।


## ਰਸਾਇਣਕ ਖਾਦਾਂ ਦੀ ਵਰਤੋਂ ਸਬੰਧੀ ਜ਼ਰੂਰੀ ਨੁਕਤੇ

- ਜੇਕਰ ਡੀ ਏ ਪੀ ਵਰਤਣੀ ਹੋਵੇ ਤਾਂ 27 ਕਿਲੋ ਡੀ ਏ ਪੀ ਅਤੇ 100 ਕਿਲੋ ਯੂਰੀਆ ਪ੍ਰਤੀ ਏਕੜ ਪਾਉਣ ਨਾਲ ਨਾਈਟ੍ਰੋਜਨ ਅਤੇ ਫ਼ਾਸਫ਼ੋਰਸ ਤੱਤਾਂ ਦੀ ਲੋੜ ਪੂਰੀ ਹੋ ਜਾਂਦੀ ਹੈ।
- ਜੇਕਰ ਪਿੱਛੇ ਬੀਜੀ ਕਣਕ ਨੂੰ ਫ਼ਾਸਫ਼ੋਰਸ ਦੀ ਸਿਫ਼ਾਰਸ਼ ਕੀਤੀ ਮਾਤਰਾ ਪਾਈ ਗਈ ਹੋਵੇ ਤਾਂ ਝੋਨੇ ਨੂੰ ਫ਼ਾਸਫ਼ੋਰਸ ਪਾਉਣ ਦੀ ਲੋੜ ਨਹੀਂ।

## ਪੱਤਾ ਰੰਗ ਚਾਰਟ (ਐਲ ਸੀ ਸੀ) ਦੀ ਵਰਤੋ

- ਝੋਨੇ ਦੀ ਲੁਆਈ ਸਮੇਂ 25 ਕਿੱਲੋ ਯੂਰੀਆ ਪ੍ਰਤੀ ਏਕੜ ਪਾਓ।
- ਪਨੀਰੀ ਲਾਉਣ ਤੋਂ 14 ਦਿਨ ਬਾਅਦ 7 ਤੋਂ 10 ਦਿਨ ਦੇ ਅੰਤਰ ਤੇ ਪੱਤਿਆਂ ਦਾ ਰੰਗ ਪੱਤਾ ਰੰਗ ਚਾਰਟ ਨਾਲ ਮਿਲਾਉਣਾ ਸ਼ੁਰੂ ਕਰੋ।
- ਹਰ ਵਾਰ ਖੇਤ ਵਿਚ ਦਸ ਪੌਦਿਆਂ ਦੇ ਉੱਪਰੋਂ ਪੂਰੇ ਖੁੱਲੇ ਪਹਿਲੇ ਪੱਤੇ ਦਾ ਰੰਗ ਪੌਦੇ ਨਾਲੋਂ ਤੋੜੇ ਬਿਨਾ ਚਾਰਟ ਨਾਲ ਮਿਲਾਓ।

- ਜਦੋਂ ਦਸ ਵਿਚੋਂ ਛੇ ਜਾਂ ਵੱਧ ਪੱਤਿਆਂ ਦਾ ਰੰਗ ਚਾਰਟ ਦੀ ਟਿੱਕੀ ਨੰਬਰ 4 ਤੋਂ ਫਿੱਕਾ ਹੋਵੇ ਤਾਂ 25 ਕਿੱਲੋ ਯੂਰੀਆ ਪ੍ਰਤੀ ਏਕੜ ਦਾ ਛਿੱਟਾ ਦਿਓ।
- ਜੇ ਪੱਤਿਆਂ ਦਾ ਰੰਗ ਪੱਤਾ ਰੰਗ ਚਾਰਟ ਦੀ ਟਿੱਕੀ ਨੰਬਰ 4 ਦੇ ਬਰਾਬਰ ਜਾਂ ਗੂੜਾ ਹੋਵੇ ਹੋਰ ਯੂਰੀਆ ਖਾਦ ਦੀ ਵਰਤੋਂ ਨਾ ਕਰੋ।
- ਝੋਨੇ ਦੇ ਨਿਸਰਨ ਤੋਂ ਬਾਅਦ ਪੱਤਾ ਰੰਗ ਚਾਰਟ ਦੀ ਵਰਤੋਂ ਦੀ ਲੋੜ ਨਹੀਂ ਅਤੇ ਹੋਰ ਖਾਦ ਨਹੀਂ ਪਾਉਣੀ ਚਾਹੀਦੀ।



## ਬਾਸਮਤੀ ਵਿੱਚ ਖਾਦਾਂ ਦੀ ਵਰਤੋਂ

- ਬਾਸਮਤੀ 386, ਬਾਸਮਤੀ 370 ਅਤੇ ਸੀ ਐਸ ਆਰ 30 ਕਿਸਮਾਂ ਨੂੰ 18 ਕਿਲੋ, ਪੰਜਾਬ ਬਾਸਮਤੀ 5, ਪੰਜਾਬ ਬਾਸਮਤੀ 4, ਪੰਜਾਬ ਬਾਸਮਤੀ 3, ਪੰਜਾਬ ਬਾਸਮਤੀ 2 ਅਤੇ ਪੂਸਾ ਬਾਸਮਤੀ 1121 ਕਿਸਮਾਂ ਲਈ 36 ਕਿਲੋ ਅਤੇ ਪੂਸਾ ਪੰਜਾਬ ਬਾਸਮਤੀ 1509 ਨੂੰ 54 ਕਿਲੋ ਯੂਰੀਆ ਦੋ ਬਰਾਬਰ ਕਿਸ਼ਤਾਂ ਵਿਚ ਪਨੀਰੀ ਪੁੱਟ ਕੇ ਲਾਉਣ ਤੋਂ 3 ਹਫ਼ਤੇ ਪਿੱਛੋਂ ਅਤੇ 6 ਹਫ਼ਤੇ ਪਿੱਛੋਂ ਪਾਉ।

## ਬਾਸਮਤੀ ਵਿੱਚ ਖਾਦਾਂ ਦੀ ਵਰਤੋਂ ਸਬੰਧੀ ਜ਼ਰੂਰੀ ਨੁਕਤੇ

- ਜੇਕਰ ਫ਼ਾਸਫ਼ੋਰਸ ਖਾਦ ਦੀ ਸਿਫ਼ਾਰਸ਼ ਕੀਤੀ ਮਾਤਰਾ ਪਹਿਲਾਂ ਬੀਜੀ ਕਣਕ ਨੂੰ ਪਾਈ ਗਈ ਹੋਵੇ ਤਾਂ ਬਾਸਮਤੀ ਨੂੰ ਇਸ ਦੀ ਕੋਈ ਲੋੜ ਨਹੀਂ ।
- ਜੇ ਢੈਂਚਾ ਜਾਂ ਸਣ ਦੀ 45-55 ਦਿਨ ਦੀ ਹਰੀ ਖਾਦ ਖੇਤ ਵਿੱਚ ਕੀਤੀ ਹੋਵੇ ਜਾਂ ਗਰਮੀ ਰੁੱਤ ਦੀ ਮੂੰਗੀ ਦੀਆਂ ਫ਼ਲੀਆਂ ਤੋੜਨ ਤੋਂ ਬਾਅਦ ਉਸ ਦੇ ਹਰੇ ਟਾਂਗਰ ਨੂੰ ਖੇਤ ਵਿੱਚ ਦਬਾਇਆ ਗਿਆ ਹੋਵੇ ਤਾਂ ਫ਼ਸਲ ਨੂੰ ਯੂਰੀਆ ਖਾਦ ਪਾਉਣ ਦੀ ਲੋੜ ਨਹੀਂ।

## ਜ਼ਿੰਕ ਦੀ ਘਾਟ

### ਘਾਟ ਦੀਆਂ ਨਿਸ਼ਾਨੀਆਂ

- ਪਨੀਰੀ ਲਾਉਣ ਤੋਂ ਦੋ-ਤਿੰਨ ਹਫ਼ਤਿਆਂ ਤੱਕ ਬੂਟੇ ਗਿੱਠੇ ਜਿਹੇ ਰਹਿੰਦੇ ਹਨ ਅਤੇ ਬੂਟਾ ਜਾੜਬਹੁਤ ਘੱਟ ਮਾਰਦਾ ਹੈ ।
- ਬੂਟਿਆਂ ਦੇ ਪੱਤੇ ਜੰਗਾਲੇ ਜਿਹੇ ਅਤੇ ਭੂਰੇ ਹੋ ਜਾਂਦੇ ਹਨ ।
- ਪੱਤੇ ਦੀ ਵਿਚਕਾਰਲੀ ਨਾੜ ਦਾ ਰੰਗ ਬਦਲ ਜਾਂਦਾ ਹੈ ਅਤੇ ਬਾਅਦ ਵਿੱਚ ਪੱਤੇ ਸੁੱਕ ਜਾਂਦੇ ਹਨ।

### ਇਲਾਜ

- ਕੱਦੂ ਕਰਨ ਸਮੇਂ 25 ਕਿਲੋ ਜ਼ਿੰਕ ਸਲਫੇਟ ਹੈਪਟਾਹਾਈਡਰੇਟ (21%) ਜਾਂ 16 ਕਿਲੋ ਜ਼ਿੰਕ ਸਲਫੇਟ ਮੋਨੋਹਾਈਡ੍ਰੇਟ (33%) ਪ੍ਰਤੀ ਏਕੜ ਦੇ ਹਿਸਾਬ ਨਾਲ ਪਾਉ ।



## ਲੋਹੇ ਦੀ ਘਾਟ

**ਘਾਟ ਦੀਆਂ ਨਿਸ਼ਾਨੀਆਂ**

- ਬੂਟੇ ਦੇ ਨਵੇਂ ਨਿਕਲ ਰਹੇ ਪੱਤੇ ਪੀਲੇ ਪੈ ਜਾਂਦੇ ਹਨ ।
- ਇਸ ਨਾਲ ਬੂਟੇ ਮਰ ਜਾਂਦੇ ਹਨ ਅਤੇ ਕਈ ਵਾਰੀ ਸਾਰੀ ਦੀ ਸਾਰੀ ਫ਼ਸਲ ਹੀ ਤਬਾਹ ਹੋ ਜਾਂਦੀ ਹੈ।

**ਇਲਾਜ**

- ਅਜਿਹੇ ਪੀਲੇਪਨ ਦੀਆਂ ਨਿਸ਼ਾਨੀਆਂ ਨਜ਼ਰ ਆਉਣ ਤਾਂ ਛੇਤੀ-ਛੇਤੀ ਭਰਵੇਂ ਪਾਣੀ ਫ਼ਸਲ ਨੂੰ ਦਿਉ।
- ਇੱਕ ਹਫ਼ਤੇ ਦੀ ਵਿੱਥ ਰੱਖ ਕੇ ਇੱਕ ਪ੍ਰਤੀਸ਼ਤ ਲੋਹੇ ਦਾ ਛਿੜਕਾਅ ਪੱਤਿਆਂ ਉੱਪਰ ਕਰੋ ।
- ਇਸ ਲਈ ਇੱਕ ਕਿਲੋ ਫੈਰਸ ਸਲਫੇਟ ਨੂੰ 100 ਲਿਟਰ ਪਾਣੀ ਵਿੱਚ ਮਿਲਾ ਕੇ ਪ੍ਰਤੀ ਏਕੜ ਛਿੜਕੋ ।
- ਅਜਿਹੇ 2-3 ਛਿੜਕਾਅ ਕਰਨ ਨਾਲ ਲੋਹੇ ਦੀ ਘਾਟ ਪੂਰੀ ਕੀਤੀ ਜਾ ਸਕਦੀ ਹੈ ।



# ਨਦੀਨਾਂ ਦੀ ਰੋਕਥਾਮ

## ਪਨੀਰੀ ਵਿੱਚ ਨਦੀਨਾਂ ਦੀ ਰੋਕਥਾਮ

ਬਿਜਾਈ ਤੋਂ 7 ਦਿਨਾਂ ਪਿਛੋਂ 1200 ਮਿਲੀਲਿਟਰ ਪ੍ਰਤੀ ਏਕੜ ਬੂਟਾਕਲੋਰ 50 ਈ ਸੀ ਦੇ ਕਿਸੇ ਵੀ ਸਿਫਾਰਸ਼ ਕੀਤੇ ਬਰਾਂਡ ਨੂੰ 60 ਕਿਲੋ ਰੇਤ ਵਿੱਚ ਮਿਲਾ ਕੇ ਪਾਉ ਜਾਂ ਬਿਜਾਈ ਤੋਂ 15-20 ਦਿਨਾਂ ਪਿਛੋਂ 100 ਮਿਲੀਲਿਟਰ ਪ੍ਰਤੀ ਏਕੜ ਨੌਮਿਨੀ ਗੋਲਡ/ਵਾਸ਼ ਆਊਟ/ਮਾਚੋ/ਤਾਰਕ 10 ਐਸ ਸੀ (ਬਿਸਪਾਇਰੀਬੈਕ) ਨੂੰ 150 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ।

## ਸਵਾਂਕ ਦੀ ਰੋਕਥਾਮ

ਬਿਜਾਈ ਤੋਂ ਦੋ ਦਿਨਾਂ ਅੰਦਰ 1.0 ਲਿਟਰ ਪ੍ਰਤੀ ਏਕੜ ਸਟੌਂਪ/ਬੰਕਰ 30 ਈ ਸੀ (ਪੈਂਡੀਮੈਥਾਲਿਨ) ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕ ਰੋ ਅਤੇ ਬਿਜਾਈ ਤੋਂ 20-25 ਦਿਨਾਂ ਅੰਦਰ 100 ਮਿਲੀਲਿਟਰ ਪ੍ਰਤੀ ਏਕੜ ਨੋਮੀਨੀਗੋਲਡ/ਤਾਰਕ/ਵਾਸ਼-ਆਊਟ/ਮਾਚੋ 10 ਐਸ ਸੀ (ਬਿਸਪਾਇਰੀਬੈਕ) ਨੂੰ 150 ਲਿਟਰ ਪਾਣੀ ਵਿੱਚ ਘੋਲ ਕੇ ਛਿੜਕਾਅ ਕਰੋ।

## ਲੈਪਟੋਕਲੋਆ ਘਾਹ ਦੀ ਰੋਕਥਾਮ

- ਹੇਠਾਂ ਦਿੱਤੇ ਕਿਸੇ ਇੱਕ ਨਦੀਨਨਾਸ਼ਕ ਨੂੰ 60 ਕਿਲੋ ਰੇਤ ਪ੍ਰਤੀ ਏਕੜ ਵਿੱਚ ਮਿਲਾ ਕੇ ਲੁਆਈ ਤੋਂ 2-3 ਦਿਨਾਂ ਅੰਦਰ ਛੱਟਾ ਦੇ ਕੇ ਪਾਉ ਅਤੇ ਖੇਤ ਵਿੱਚ ਦੋ ਹਫਤੇ ਲਗਾਤਾਰ ਪਾਣੀ ਖੜ੍ਹਾ ਰੱਖੋ।

| ਨਦੀਨਨਾਸ਼ਕ ਦਾ ਨਾਂ | ਬਰਾਂਡ ਦਾ ਨਾਂ | ਮਿਕਦਾਰ ਪ੍ਰਤੀ ਏਕੜ |
|---|---|---|
| ਅਨਿਲੋਫੋਸ | ਐਰੋਜ਼ਿਨ 18 ਈ ਸੀ | 850 ਮਿਲੀਲਿਟਰ |
| ਅਨਿਲੋਫੋਸ | ਐਰੋਜ਼ਿਨ/ਅਨੀਲੋਗਾਰਡ/ਲਿਬਰਾ/ਕੰਟਰੋਲ-ਐਚ-30/ਪੈਸਟੋਅਨਿਲੋਫੋਸ/ਮਾਰਕਨਿਕ/ਜੈਫਾਸ/ਹਾਰਐਗਰੋ-ਅਨਿਲਫਾਸ/ਪੈਡੀਗਾਰਡ 30 ਈ ਸੀ | 500 ਮਿਲੀਲਿਟਰ |
| ਅਨਿਲੋਫੋਸ | ਅਨਿਲੋਗਾਰਡ 50 ਈ ਸੀ | 300 ਮਿਲੀਲਿਟਰ |

- ਜਾਂ ਲੁਆਈ ਤੋਂ 20-25 ਦਿਨਾਂ ਵਿੱਚ 400 ਮਿਲੀਲਿਟਰ ਪ੍ਰਤੀ ਏਕੜ ਰਾਈਸਸਟਾਰ 6.7 ਈ ਸੀ (ਫਿਨੋਕਸਾਪ੍ਰੋਪ) ਨੂੰ 150 ਲਿਟਰ ਪਾਣੀ ਵਿੱਚ ਮਿਲਾ ਕੇ ਛਿੜਕਾਅ ਕਰੋ।

## ਕਣਕੀ ਘਾਹ ਦੀ ਰੋਕਥਾਮ

ਹੇਠਾਂ ਦਿੱਤੇ ਕਿਸੇ ਇੱਕ ਨਦੀਨਨਾਸ਼ਕ ਨੂੰ 60 ਕਿਲੋ ਰੇਤ ਪ੍ਰਤੀ ਏਕੜ ਵਿੱਚ ਮਿਲਾ ਕੇ ਲੁਆਈ ਤੋਂ 2-3 ਦਿਨਾਂ ਅੰਦਰ ਛੱਟਾ ਦੇ ਕੇ ਪਾਉ ਅਤੇ ਖੇਤ ਵਿੱਚ ਦੋ ਹਫਤੇ ਲਗਾਤਾਰ ਪਾਣੀ ਖੜ੍ਹਾ ਰੱਖੋ।

| ਨਦੀਨਨਾਸ਼ਕ ਦਾ ਨਾਂ | ਬਰਾਂਡ ਦਾ ਨਾਂ | ਮਿਕਦਾਰ ਪ੍ਰਤੀ ਏਕੜ |
|---|---|---|
| ਅਨਿਲੋਫੋਸ | ਐਰੋਜ਼ਿਨ 18 ਈ ਸੀ | 850 ਮਿਲੀਲਿਟਰ |
| ਅਨਿਲੋਫੋਸ | ਐਰੋਜ਼ਿਨ/ਅਨੀਲੋਗਾਰਡ/ਲਿਬਰਾ/ਕੰਟਰੋਲ-ਐਚ-30/ਪੈਸਟੋਅਨਿਲੋਫੋਸ/ਮਾਰਕਨਿਕ/ਜੈਫਾਸ/ਹਾਰਐਗਰੋ-ਅਨਿਲਫਾਸ/ਪੈਡੀਗਾਰਡ 30 ਈ ਸੀ | 500 ਮਿਲੀਲਿਟਰ |
| ਅਨਿਲੋਫੋਸ | ਅਨਿਲੋਗਾਰਡ 50 ਈ ਸੀ | 300 ਮਿਲੀਲਿਟਰ |

- ਜਾਂ ਲੁਆਈ ਤੋਂ 20-25 ਦਿਨਾਂ ਵਿੱਚ 400 ਮਿਲੀਲਿਟਰ ਪ੍ਰਤੀ ਏਕੜ ਰਾਈਸਸਟਾਰ 6.7 ਈ ਸੀ (ਫਿਨੋਕਸਾਪ੍ਰੋਪ) ਨੂੰ 150 ਲਿਟਰ ਪਾਣੀ ਵਿੱਚ ਮਿਲਾ ਕੇ ਛਿੜਕਾਅ ਕਰੋ।

## ਘਰਿੱਲਾ ਦੀ ਰੋਕਥਾਮ

ਹੇਠਾਂ ਦਿੱਤੇ ਕਿਸੇ ਇੱਕ ਨਦੀਨਨਾਸ਼ਕ ਨੂੰ 150 ਲਿਟਰ ਪਾਣੀ ਵਿੱਚ ਮਿਲਾ ਕੇ ਛਿੜਕਾਅ ਕਰੋ।

| ਨਦੀਨਨਾਸ਼ਕ ਦਾ ਨਾਂ | ਬਰਾਂਡ | ਮਾਤਰਾ ਪ੍ਰਤੀ ਏਕੜ | ਵਰਤਣ ਦਾ ਸਮਾਂ |
|---|---|---|---|
| ਮੈਟਸਲਫੂਰਾਨ | ਐਲਗਰਿਪ 20 ਡਬਲਯੂ ਜੀ | 30 ਗ੍ਰਾਮ | ਲੁਆਈ ਤੋਂ 20-25 ਦਿਨਾਂ ਵਿੱਚ |
| ਇਥੌਕਸੀਸਲਫੂਰਾਨ | ਸਨਰਾਈਸ 15 ਡਬਲਯੂ ਡੀ ਜੀ | 50 ਗ੍ਰਾਮ | |
| ਬੈਨਸਲਫੂਰਾਨ | ਲੌਂਡੈਕਸ 60 ਡੀ ਐਫ | 40 ਗ੍ਰਾਮ | |
| ਮੈਟਸਲਫੂਰਾਨ+ਕਲੋਰੀਮਿਯੂਰਾਨ | ਐਲਮਿਕਸ 20 ਡਬਲਯੂ ਪੀ | 8 ਗ੍ਰਾਮ | |
| ਪਿਨੋਕਸੁਲਮ | ਗਰੈਨਿਟ 240 ਐਸ ਸੀ | 40 ਮਿਲੀਲਿਟਰ | ਲੁਆਈ ਤੋਂ 10-12 ਦਿਨਾਂ ਵਿੱਚ |

## ਸਣੀ ਦੀ ਰੋਕਥਾਮ

ਹੇਠਾਂ ਦਿੱਤੇ ਕਿਸੇ ਇੱਕ ਨਦੀਨਨਾਸ਼ਕ ਨੂੰ 150 ਲਿਟਰ ਪਾਣੀ ਵਿੱਚ ਮਿਲਾ ਕੇ ਛਿੜਕਾਅ ਕਰੋ।

| ਨਦੀਨਨਾਸ਼ਕ ਦਾ ਨਾਂ | ਬਰਾਂਡ | ਮਾਤਰਾ ਪ੍ਰਤੀ ਏਕੜ | ਵਰਤਣ ਦਾ ਸਮਾਂ |
|---|---|---|---|
| ਮੈਟਸਲਫੂਰਾਨ | ਐਲਗਰਿਪ 20 ਡਬਲਯੂ ਜੀ | 30 ਗ੍ਰਾਮ | ਲੁਆਈ ਤੋਂ 20-25 ਦਿਨਾਂ ਵਿੱਚ |
| ਇਥੌਕਸੀਸਲਫੂਰਾਨ | ਸਨਰਾਈਸ 15 ਡਬਲਯੂ ਡੀ ਜੀ | 50 ਗ੍ਰਾਮ | |
| ਬੈਨਸਲਫੂਰਾਨ | ਲੌਂਡੈਕਸ 60 ਡੀ ਐਫ | 40 ਗ੍ਰਾਮ | |
| ਮੈਟਸਲਫੂਰਾਨ+ਕਲੋਰੀਮਿਯੂਰਾਨ | ਐਲਮਿਕਸ 20 ਡਬਲਯੂ ਪੀ | 8 ਗ੍ਰਾਮ | |
| ਪਿਨੋਕਸੁਲਮ | ਗਰੈਨਿਟ 240 ਐਸ ਸੀ | 40 ਮਿਲੀਲਿਟਰ | ਲੁਆਈ ਤੋਂ 10-12 ਦਿਨਾਂ ਵਿੱਚ |

## ਚੌਰਸ ਬੂਟੀ ਦੀ ਰੋਕਥਾਮ

ਹੇਠਾਂ ਦਿੱਤੇ ਕਿਸੇ ਇੱਕ ਨਦੀਨਨਾਸ਼ਕ ਨੂੰ 150 ਲਿਟਰ ਪਾਣੀ ਵਿੱਚ ਮਿਲਾ ਕੇ ਛਿੜਕਾਅ ਕਰੋ।

| ਨਦੀਨਨਾਸ਼ਕ ਦਾ ਨਾਂ | ਬਰਾਂਡ | ਮਾਤਰਾ ਪ੍ਰਤੀ ਏਕੜ | ਵਰਤਣ ਦਾ ਸਮਾਂ |
|---|---|---|---|
| ਮੈਟਸਲਫੂਰਾਨ | ਐਲਗਰਿਪ 20 ਡਬਲਯੂ ਜੀ | 30 ਗ੍ਰਾਮ | ਲੁਆਈ ਤੋਂ 20-25 ਦਿਨਾਂ ਵਿੱਚ |
| ਇਥੌਕਸੀਸਲਫੂਰਾਨ | ਸਨਰਾਈਸ 15 ਡਬਲਯੂ ਡੀ ਜੀ | 50 ਗ੍ਰਾਮ | |
| ਬੈਨਸਲਫੂਰਾਨ | ਲੌਂਡੈਕਸ 60 ਡੀ ਐਫ | 40 ਗ੍ਰਾਮ | |
| ਮੈਟਸਲਫੂਰਾਨ+ਕਲੋਰੀਮਿਯੂਰਾਨ | ਐਲਮਿਕਸ 20 ਡਬਲਯੂ ਪੀ | 8 ਗ੍ਰਾਮ | |
| ਪਿਨੋਕਸੁਲਮ | ਗਰੈਨਿਟ 240 ਐਸ ਸੀ | 40 ਮਿਲੀਲਿਟਰ | ਲੁਆਈ ਤੋਂ 10-12 ਦਿਨਾਂ ਵਿੱਚ |

## ਮਿਰਚ ਬੂਟੀ ਦੀ ਰੋਕਥਾਮ

ਹੇਠਾਂ ਦਿੱਤੇ ਕਿਸੇ ਇੱਕ ਨਦੀਨਨਾਸ਼ਕ ਨੂੰ 150 ਲਿਟਰ ਪਾਣੀ ਵਿੱਚ ਮਿਲਾ ਕੇ ਛਿੜਕਾਅ ਕਰੋ।

| ਨਦੀਨਨਾਸ਼ਕ ਦਾ ਨਾਂ | ਬਰਾਂਡ | ਮਾਤਰਾ ਪ੍ਰਤੀ ਏਕੜ | ਵਰਤਣ ਦਾ ਸਮਾਂ |
|---|---|---|---|
| ਮੈਟਸਲਫੂਰਾਨ | ਐਲਗਰਿਪ 20 ਡਬਲਯੂ ਜੀ | 30 ਗ੍ਰਾਮ | ਲੁਆਈ ਤੋਂ 20-25 ਦਿਨਾਂ ਵਿੱਚ |
| ਇਥੌਕਸੀਸਲਫੂਰਾਨ | ਸਨਰਾਈਸ 15 ਡਬਲਯੂ ਡੀ ਜੀ | 50 ਗ੍ਰਾਮ | |
| ਬੈਨਸਲਫੂਰਾਨ | ਲੌਂਡੈਕਸ 60 ਡੀ ਐਫ | 40 ਗ੍ਰਾਮ | |
| ਮੈਟਸਲਫੂਰਾਨ+ਕਲੋਰੀਮਿਯੂਰਾਨ | ਐਲਮਿਕਸ 20 ਡਬਲਯੂ ਪੀ | 8 ਗ੍ਰਾਮ | |
| ਪਿਨੋਕਸੁਲਮ | ਗਰੈਨਿਟ 240 ਐਸ ਸੀ | 40 ਮਿਲੀਲਿਟਰ | ਲੁਆਈ ਤੋਂ 10-12 ਦਿਨਾਂ ਵਿੱਚ |

## ਮੋਥੇ ਦੀ ਰੋਕਥਾਮ

ਹੇਠਾਂ ਦਿੱਤੇ ਕਿਸੇ ਇੱਕ ਨਦੀਨਨਾਸ਼ਕ ਨੂੰ 150 ਲਿਟਰ ਪਾਣੀ ਵਿੱਚ ਮਿਲਾ ਕੇ ਲੁਆਈ ਤੋਂ 20-25 ਦਿਨਾਂ ਵਿੱਚ ਛਿੜਕਾਅ ਕਰੋ।

| ਨਦੀਨਨਾਸ਼ਕ ਦਾ ਨਾਂ | ਬਰਾਂਡ | ਮਾਤਰਾ ਪ੍ਰਤੀ ਏਕੜ |
|---|---|---|
| ਬਿਸਪਾਇਰੀਬੈਕ | ਨੋਮਿਨੀਗੋਲਡ/ਤਾਰਕ/ਵਾਸ਼-ਆਊਟ/ਮਾਚੋ10 ਐਸ ਸੀ | 100 ਮਿਲੀਲਿਟਰ |
| ਮੈਟਸਲਫੂਰਾਨ | ਐਲਗਰਿਪ 20 ਡਬਲਯੂ ਜੀ | 30 ਗ੍ਰਾਮ |
| ਇਥੌਕਸੀਸਲਫੂਰਾਨ | ਸਨਰਾਈਸ 15 ਡਬਲਯੂ ਡੀ ਜੀ | 50 ਗ੍ਰਾਮ |
| ਬੈਨਸਲਫੂਰਾਨ | ਲੌਂਡੈਕਸ 60 ਡੀ ਐਫ | 40 ਗ੍ਰਾਮ |
| ਮੈਟਸਲਫੂਰਾਨ+ਕਲੋਰੀਮਿਯੂਰਾਨ | ਐਲਮਿਕਸ 20 ਡਬਲਯੂ ਪੀ | 8 ਗ੍ਰਾਮ |

## ਸਵਾਂਕੀ ਦੀ ਰੋਕਥਾਮ

ਝੋਨੇ ਦੀ ਲੁਆਈ ਵੇਲੇ:ਹੇਠਾਂ ਦਿੱਤੇ ਕਿਸੇ ਇੱਕ ਨਦੀਨਨਾਸ਼ਕ ਨੂੰ 60 ਕਿਲੋ ਰੇਤ ਪ੍ਰਤੀ ਏਕੜ ਵਿੱਚ ਮਿਲਾ ਕੇ ਲੁਆਈ ਤੋਂ 2-3 ਦਿਨਾਂ ਅੰਦਰ ਛੱਟਾ ਦੇ ਕੇ ਪਾਉ ਅਤੇ ਖੇਤ ਵਿੱਚ ਦੋ ਹਫਤੇ ਲਗਾਤਾਰ ਪਾਣੀ ਖੜ੍ਹਾ ਰੱਖੋ।

| ਨਦੀਨਨਾਸ਼ਕ ਦਾ ਨਾਂ | ਬਰਾਂਡ ਦਾ ਨਾਂ | ਮਿਕਦਾਰ ਪ੍ਰਤੀ ਏਕੜ |
|---|---|---|
| ਬੂਟਾਕਲੋਰ | ਮਚੈਟੀ/ਡੈਲਕਲੋਰ/ਰਸਾਇਣਕਲੋਰ/ਪੰਚ/ ਹਿਲਟਾਕਲੋਰ/ਥੰਡਰ/ ਤੀਰ/ਕੈਪਕਲੋਰ/ਟਰੈਪ/ਮਿਲਕਲੋਰ/ ਨਰਮਦਾਕਲੋਰ/ ਫਾਈਕਲੋਰ/ਐਰੋਕਲੋਰ/ਬੂਟਾਕਲੋਰ-ਸਨਬੀਮ/ਮਾਰਕਕਲੋਰ/ਪਾਕਲੋਰ/ਬੈਨਵੀਡ/ਬੂਟਾਵੀਡ/ ਬੂਟਾਸਿਡ/ ਜੈਬੂਟਾਕਲੋਰ50 ਈ ਸੀ | 1200 ਮਿਲੀਲਿਟਰ |
| ਬੂਟਾਕਲੋਰ | ਫਾਸਟ-ਮਿਕਸ 50 ਈ ਡਬਲਯੂ | 1200 ਮਿਲੀਲਿਟਰ |
| ਅਨਿਲੋਫੋਸ | ਐਰੋਜ਼ਿਨ 18 ਈ ਸੀ | 850 ਮਿਲੀਲਿਟਰ |
| ਅਨਿਲੋਫੋਸ | ਐਰੋਜ਼ਿਨ/ਅਨੀਲੋਗਾਰਡ/ਲਿਬਰਾ/ਕੰਟਰੋਲ-ਐਚ-30/ਪੈਸਟੋਅਨਿਲੋਫੋਸ/ਮਾਰਕਨਿਕ/ਜੈਫਾਸ/ਹਾਰਐਗਰੋ-ਅਨਿਲਫਾਸ/ਪੈਡੀਗਾਰਡ 30 | 500 ਮਿਲੀਲਿਟਰ |

| | | |
|---|---|---|
| | ਈ ਸੀ | |
| ਅਨਿਲੋਫੋਸ | ਅਨਿਲੋਗਾਰਡ 50 ਈ ਸੀ | 300 ਮਿਲੀਲਿਟਰ |
| ਪੈਂਡੀਮੈਥਾਲਿਨ | ਸਟੌਂਪ 30 ਈ ਸੀ ਹਲਕੀਆਂ ਜ਼ਮੀਨਾਂ ਵਿੱਚ<br>ਦਰਮਿਆਨੀਆਂ ਤੋਂ ਭਾਰੀਆਂ ਜ਼ਮੀਨਾਂ ਵਿੱਚ | 1000 ਮਿਲੀਲਿਟਰ<br>1200 ਮਿਲੀਲਿਟਰ |
| ਪ੍ਰੈਟੀਲਾਕਲੋਰ | ਰਿਫਿਟ/ਇਰੇਜ਼/ਮਾਰਕਪ੍ਰੈਟੀਲਾ/ਰਿਵੈਂਜ਼/ਮਿਫ਼ ਪ੍ਰੈਟੀਲਾ/ਸਾਕੂਸ਼ਾਈ 50 ਈ ਸੀ | 600 ਮਿਲੀਲਿਟਰ |
| ਪ੍ਰੈਟੀਲਾਕਲੋਰ | ਰਿਫਿਟ ਪਲੱਸ 37 ਈ ਡਬਲਯੂ | 750 ਮਿਲੀਲਿਟਰ |
| ਪਾਈਰੈਜ਼ੋਸਲਫੂਰਾਨ | ਸਾਥੀ 10 ਡਬਲਯੂ ਪੀ | 60 ਗ੍ਰਾਮ |
| ਔਕਸਾਡਾਇਰਗਿਲ | ਟੌਪਸਟਾਰ 80 ਡਬਲਯੂ ਪੀ | 45 ਗ੍ਰਾਮ |

ਨੋਟ: ਹਰ ਸਾਲ ਨਦੀਨਨਾਸ਼ਕ ਗਰੁੱਪ ਬਦਲ ਕੇ ਵਰਤੋ।

## ਝੋਨੇ ਦੀ ਲੁਆਈ ਤੋਂ ਬਾਅਦ

- ਲੁਆਈ ਤੋਂ 20-25 ਦਿਨਾਂ ਵਿੱਚ 100 ਮਿਲੀਲਿਟਰ ਪ੍ਰਤੀ ਏਕੜ ਨੋਮਿਨੀਗੋਲਡ/ਤਾਰਕ/ਵਾਸ਼-ਆਊਟ/ਮਾਚੋ 10 ਐਸ ਸੀ (ਬਿਸਪਾਇਰੀਬੈਕ) ਨੂੰ 150 ਲਿਟਰ ਪਾਣੀ ਵਿੱਚ ਮਿਲਾ ਕੇ ਛਿੜਕਾਅ ਕਰੋ।
- ਜਿੰਨ੍ਹਾਂ ਖੇਤਾਂ ਵਿੱਚ ਪਾਣੀ ਘੱਟ ਖੜ੍ਹਦਾ ਹੋਵੇ, ਉੱਥੇ ਲੁਆਈ ਤੋਂ 10-12 ਦਿਨਾਂ ਵਿੱਚ 40 ਮਿਲੀਲਿਟਰ ਪ੍ਰਤੀ ਏਕੜ ਗਰੈਨਿਟ 240 ਐਸ ਸੀ (ਪਿਨੋਕਸੁਲਮ) ਨੂੰ 150 ਲਿਟਰ ਪਾਣੀ ਵਿੱਚ ਮਿਲਾ ਕੇ ਛਿੜਕਾਅ ਕਰੋ।

# ਕੀੜੇ-ਮਕੌੜਿਆਂ ਦੀ ਰੋਕਥਾਮ

## ਝੋਨਾ

### ਤਣੇ ਦੇ ਗੜੂੰਏਂ

- ਇਨ੍ਹਾਂ ਕੀੜਿਆਂ ਦੀਆਂ ਸੁੰਡੀਆਂ ਤਣੇ ਵਿੱਚ ਵੜ ਕੇ ਗੋਭਾਂ ਨੂੰ ਸੁਕਾ ਦਿੰਦੀਆਂ ਹਨ
- ਮੁੰਜਰਾਂ ਵਿੱਚ ਦਾਣੇ ਨਹੀਂ ਪੈਂਦੇ ਅਤੇ ਚਿੱਟੇ ਰੰਗ ਦੀਆਂ ਹੋ ਜਾਂਦੀਆਂ ਹਨ





### ਰੋਕਥਾਮ

**ਜਦੋਂ 5 ਪ੍ਰਤੀਸ਼ਤ ਜਾਂ ਵਧੇਰੇ ਸੁੱਕੀਆਂ ਗੋਭਾਂ ਹੋਣ ਤਾਂ ਹੇਠ ਲਿਖੇ ਕੀਟਨਾਸ਼ਕਾਂ ਵਿਚੋਂ ਕਿਸੇ ਇੱਕ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ:**

- 20 ਮਿਲੀਲਿਟਰ ਫੇਮ 480 ਐਸ ਸੀ (ਫਲੂਬੈਂਡਾਮਾਈਡ)
- 170 ਗ੍ਰਾਮ ਮੌਰਟਰ 75 ਐਸ ਜੀ (ਕਾਰਟਾਪ ਹਾਈਡਰੋਕਲੋਰਾਈਡ)
- 350 ਮਿਲੀਲਿਟਰ ਮਾਰਕਟਰਾਈਜੋ/ ਸੂਟਾਥੀਆਨ 40 ਈ ਸੀ (ਟਰਾਈਐਜ਼ੋਫ਼ਾਸ)
- 560 ਮਿਲੀਲਿਟਰ ਮੋਨੋਸਿਲ 36 ਐਸ ਐਲ (ਮੋਨੋਕਰੋਟੋਫਾਸ)
- ਇੱਕ ਲਿਟਰ ਕੋਰੋਬਾਨ/ ਡਰਸਬਾਨ/ ਲੀਥਲ/ ਕਲੋਰਗਾਰਡ/ ਡਰਮਟ/ ਕਲਾਸਿਕ/ ਫੋਰਸ 20 ਈ ਸੀ (ਕਲੋਰਪਾਈਰੀਫ਼ਾਸ)

### ਪੱਤਾ ਲਪੇਟ ਸੁੰਡੀ

- ਸੁੰਡੀਆਂ ਪੱਤੇ ਨੂੰ ਲਪੇਟ ਕੇ ਹਰਾ ਮਾਦਾ ਖਾਂਦੀਆਂ ਹਨ
- ਪੱਤਿਆਂ ਉੱਤੇ ਚਿੱਟੇ ਰੰਗ ਦੀਆਂ ਧਾਰੀਆਂ ਪੈ ਜਾਂਦੀਆਂ ਹਨ







## ਰੋਕਥਾਮ

**ਜਦੋਂ ਪੱਤਿਆਂ ਦਾ ਨੁਕਸਾਨ 10 ਪ੍ਰਤੀਸ਼ਤ ਤੋਂ ਵਧੇਰੇ ਹੋਵੇ ਤਾਂ ਹੇਠ ਲਿਖੇ ਰੋਕਥਾਮ ਦੇ ਤਰੀਕੇ ਅਪਣਾਉ:**

ਫ਼ਸਲ ਦੇ ਨਿਸਰਨ ਤੋਂ ਪਹਿਲਾਂ, ਕੀੜੇ ਦਾ ਹਮਲਾ ਹੋਣ ਤੇ 20-30 ਮੀਟਰ ਲੰਬੀ ਨਾਰੀਅਲ ਜਾਂ ਮੁੰਜ ਦੀ ਰੱਸੀ ਫ਼ਸਲ ਦੇ ਉਪਰਲੇ ਹਿੱਸੇ ਤੇ 2 ਵਾਰੀ ਫੇਰੋ। ਪਹਿਲੀ ਵਾਰ ਕਿਆਰੇ ਦੇ ਇੱਕ ਸਿਰੇ ਤੋਂ ਦੂਸਰੇ ਸਿਰੇ ਤੇ ਜਾਉ ਅਤੇ ਫੇਰ ਉਹਨੀ ਪੈਰੀ ਰੱਸੀ ਫੇਰਦੇ ਹੋਏ ਵਾਪਸ ਮੁੜੋ। ਇਸ ਗੱਲ ਦਾ ਧਿਆਨ ਰੱਖਿਆ ਜਾਵੇ ਕਿ ਰੱਸੀ ਫੇਰਨ ਵੇਲੇ ਫ਼ਸਲ ਵਿੱਚ ਪਾਣੀ ਜ਼ਰੂਰ ਖੜ੍ਹਾ ਹੋਵੇ ।

**ਹੇਠ ਲਿਖੇ ਕੀਟਨਾਸ਼ਕਾਂ ਵਿਚੋਂ ਕਿਸੇ ਇੱਕ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ:**

- 20 ਮਿਲੀਲਿਟਰ ਫੇਮ 480 ਐਸ ਸੀ (ਫ਼ਲਿਊਬੈਂਡਾਮਾਈਡ)
- 170 ਗ੍ਰਾਮ ਮੌਰਟਾਰ 75 ਐਸ ਜੀ (ਕਾਰਟਾਪ ਹਾਈਡਰੋਕਲੋਰਾਈਡ)
- 350 ਮਿਲੀਲਿਟਰ ਮਾਰਕਟਰਾਈਜੋ/ਸੂਟਾਥੀਆਨ 40 ਈ ਸੀ (ਟਰਾਈਐਜੋਫ਼ਾਸ)
- 560 ਮਿਲੀਲਿਟਰ ਮੋਨੋਸਿਲ 36 ਐਸ ਐਲ (ਮੋਨੋਕਰੋਟੋਫਾਸ)
- ਇੱਕ ਲਿਟਰ ਕੋਰੋਬਾਨ/ਡਰਮਟ/ ਫੋਰਸ 20 ਈ ਸੀ (ਕਲੋਰਪਾਈਰੀਫਾਸ)

## ਬੂਟਿਆਂ ਦੇ ਟਿੱਡੇ

- ਇਨ੍ਹਾਂ ਕੀੜਿਆਂ ਵਿੱਚ ਚਿੱਟੀ ਪਿੱਠ ਵਾਲੇ ਟਿੱਡੇ ਅਤੇ ਭੂਰੇ ਟਿੱਡੇ ਸ਼ਾਮਲ ਹਨ
- ਬੱਚੇ ਅਤੇ ਬਾਲਗ ਬੂਟੇ ਦੇ ਮੁੱਢਾਂ ਵਿਚੋਂ ਰਸ ਚੂਸਦੇ ਹਨ ਜਿਸ ਨਾਲ ਫਸਲ ਧੋੜੀਆਂ ਵਿੱਚ ਸੁੱਕ ਜਾਂਦੀ ਹੈ
- ਇਸ ਨੂੰ ਟਿੱਡੇ ਦਾ ਸਾੜ ਵੀ ਕਹਿੰਦੇ ਹਨ





## ਰੋਕਥਾਮ

ਜੇਕਰ ਪ੍ਰਤੀ ਬੂਟਾ 5 ਜਾਂ ਵੱਧ ਟਿੱਡੇ ਪਾਣੀ ਉੱਤੇ ਤਰਦੇ ਨਜ਼ਰ ਆਉਣ ਤਾਂ ਹੇਠ ਲਿਖੇ ਕੀਟਨਾਸ਼ਕਾਂ ਵਿਚੋਂ ਕਿਸੇ ਇੱਕ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਬੂਟੇ ਦੇ ਮੁੱਢ ਵੱਲ ਕਰਕੇ ਛਿੜਕਾਅ ਕਰੋ:

- 40 ਮਿਲੀਲਿਟਰ ਕੌਨਫ਼ੀਡੋਰ/ਕਰੋਕੋਡਾਈਲ 17.8 ਐਸ ਐਲ (ਇਮਿਡਾਕਲੋਪਰਿਡ)
- 800 ਮਿਲੀਲਿਟਰ ਏਕਾਲਕਸ/ਕੁਇਨਗਾਰਡ/ਕੁਇਨਲਮਾਸ 25 ਈ ਸੀ (ਕੁਇਨਲਫਾਸ)
- ਇੱਕ ਲਿਟਰ ਕੋਰੋਬਾਨ/ਡਰਸਬਾਨ 20 ਈ ਸੀ (ਕਲੋਰਪਾਈਰੀਫਾਸ)

## ਘਾਹ ਦੇ ਟਿੱਡੇ

- ਇਹ ਟਿੱਡੇ ਝੋਨੇ ਦੀ ਪਨੀਰੀ ਅਤੇ ਫ਼ਸਲ ਦੇ ਪੱਤੇ ਖਾ ਕੇ ਨੁਕਸਾਨ ਕਰਦੇ ਹਨ।



## ਰੋਕਥਾਮ

**ਹੇਠ ਲਿਖੇ ਕੀਟਨਾਸ਼ਕਾਂ ਵਿਚੋਂ ਕਿਸੇ ਇੱਕ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਛਿੜਕਾਅ ਕਰੋ:**

- 40 ਮਿਲੀਲਿਟਰ ਕੌਨਫੀਡੋਰ/ਕਰੋਕੋਡਾਈਲ 17.8 ਐਸ ਐਲ (ਇਮਿਡਾਕਲੋਪਰਿਡ)
- 800 ਮਿਲੀਲਿਟਰ ਏਕਾਲਕਸ/ਕੁਇਨਗਾਰਡ/ਕੁਇਨਲਮਾਸ 25 ਈ ਸੀ (ਕੁਇਨਲਫਾਸ)
- ਇੱਕ ਲਿਟਰ ਕੋਰੋਬਾਨ/ਡਰਸਬਾਨ 20 ਈ ਸੀ (ਕਲੋਰਪਾਈਰੀਫਾਸ)

## ਝੋਨੇ ਦਾ ਹਿਸਪਾ

- ਬੱਚੇ ਪੱਤਿਆਂ ਵਿੱਚ ਸੁਰੰਗਾਂ ਬਣਾ ਕੇ ਖਾਂਦੇ ਹਨ ਪਰ ਬਾਲਗ ਬਾਹਰੋਂ ਨੁਕਸਾਨ ਕਰਦੇ ਹਨ
- ਪੱਤਿਆਂ ਉੱਪਰ ਚਿੱਟੇ ਰੰਗ ਦੀਆਂ ਧਾਰੀਆਂ ਪੈ ਜਾਂਦੀਆਂ ਹਨ ਅਤੇ ਖੇਤ ਦੂਰੋਂ ਹੀ ਚਿੱਟਾ ਜਿਹਾ ਦਿਸਦਾ ਹੈ





## ਰੋਕਥਾਮ

**ਜੇਕਰ ਇਹ ਕੀੜਾ ਪਨੀਰੀ ਨੂੰ ਹੀ ਨੁਕਸਾਨ ਕਰਨ ਲੱਗ ਪਵੇ ਤਾਂ ਖੇਤ ਵਿੱਚੋਂ ਪਨੀਰੀ ਪੁੱਟ ਕੇ ਲਾਉਣ ਤੋਂ ਪਹਿਲਾਂ ਹਮਲੇ ਵਾਲੇ ਬੂਟਿਆਂ ਦੇ ਪੱਤੇ ਕੱਟ ਕੇ ਨਸ਼ਟ ਕਰ ਦਿਓ।ਜਦੋਂ ਫ਼ਸਲ ਤੇ ਹਮਲਾ ਦਿਖੇ ਤਾਂ ਹੇਠ ਲਿਖੇ ਕੀਟਨਾਸ਼ਕਾਂ ਵਿਚੋਂ ਕਿਸੇ ਇੱਕ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ:**

- 120 ਮਿਲੀਲਿਟਰ ਮਿਥਾਈਲ ਪੈਰਾਥੀਆਨ 50 ਈ ਸੀ
- 800 ਮਿਲੀਲਿਟਰ ਏਕਾਲਕਸ 25 ਈ ਸੀ (ਕੁਇਨਲਫਾਸ)

- ਇੱਕ ਲਿਟਰ ਡਰਸਬਾਨ 20 ਈ ਸੀ (ਕਲੋਰਪਾਈਰੀਫਾਸ)

## ਜੜ੍ਹਾਂ ਦੀ ਸੁੰਡੀ

- ਇਹ ਸੁੰਡੀ ਬੂਟੇ ਦੀਆਂ ਜੜ੍ਹਾਂ ਨੂੰ ਖਾਂਦੀ ਹੈ
- ਹਮਲੇ ਵਾਲੇ ਬੂਟੇ ਪੀਲੇ ਪੈ ਜਾਂਦੇ ਹਨ ਅਤੇ ਮਧਰੇ ਰਹਿ ਜਾਂਦੇ ਹਨ

### ਰੋਕਥਾਮ

- 3 ਕਿਲੋ ਥਿਮਟ/ਫੋਰਾਟੋਕਸ 10 ਜੀ (ਫੋਰੇਟ) ਦਾਣੇਦਾਰ ਦਵਾਈ ਦਾ ਪ੍ਰਤੀ ਏਕੜ ਖੜੇ ਪਾਣੀ ਵਿੱਚ ਛੱਟਾ ਦੇ ਦਿਓ

## ਝੋਨੇ ਦੇ ਸਿੱਟੇ ਕੁਤਰਨ ਵਾਲੀ ਸੁੰਡੀ

- ਛੋਟੀਆਂ ਸੁੰਡੀਆਂ ਪੱਤੇ ਖਾਂਦੀਆਂ ਹਨ
- ਵੱਡੀਆਂ ਸੁੰਡੀਆਂ ਮੁੰਜਰਾਂ ਕੱਟ ਦਿੰਦੀਆਂ ਹਨ

### ਰੋਕਥਾਮ

- 400 ਮਿਲੀਲਿਟਰ ਏਕਾਲਕਸ/ਕੁਇਨਗਾਰਡ 25 ਈ ਸੀ (ਕੁਇਨਲਫਾਸ) ਨੂੰ 100 ਲਿਟਰ ਪਾਣੀ ਵਿੱਚ ਪਾ ਕੇ ਪ੍ਰਤੀ ਏਕੜ ਛਿੜਕਾਅ ਕਰੋ

# ਬਾਸਮਤੀ

## ਤਣੇ ਦੇ ਗੜੂੰਏਂ

- ਇਨ੍ਹਾਂ ਕੀੜਿਆਂ ਦੀਆਂ ਸੁੰਡੀਆਂ ਤਣੇ ਵਿੱਚ ਵੜ ਕੇ ਗੋਭਾਂ ਨੂੰ ਸੁਕਾ ਦਿੰਦੀਆਂ ਹਨ
- ਮੁੰਜਰਾਂ ਵਿੱਚ ਦਾਣੇ ਨਹੀਂ ਪੈਂਦੇ ਅਤੇ ਚਿੱਟੇ ਰੰਗ ਦੀਆਂ ਹੋ ਜਾਂਦੀਆਂ ਹਨ

### ਰੋਕਥਾਮ

**ਜਦੋਂ 2 ਪ੍ਰਤੀਸ਼ਤ ਜਾਂ ਵਧੇਰੇ ਸੁੱਕੀਆਂ ਗੋਭਾਂ ਹੋਣ ਤਾਂ ਹੇਠ ਲਿਖੇ ਕੀਟਨਾਸ਼ਕਾਂ ਵਿਚੋਂ ਕਿਸੇ ਇੱਕ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ:**

- 20 ਮਿਲੀਲਿਟਰ ਫੇਮ 480 ਐਸ ਸੀ (ਫਲੂਬੈਂਡਾਮਾਈਡ)
- 60 ਮਿਲੀਲਿਟਰ ਕੋਰਾਜਨ 20 ਐਸ ਸੀ (ਕਲੋਰਨਟਰੈਨਿਲੀਪਰੋਲ)
- 170 ਗ੍ਰਾਮ ਮੌਰਟਰ 75 ਐਸ ਜੀ (ਕਾਰਟਾਪ ਹਾਈਡਰੋਕਲੋਰਾਈਡ)
- 560 ਮਿਲੀਲਿਟਰ ਮੋਨੋਸਿਲ 36 ਐਸ ਐਲ (ਮੋਨੋਕਰੋਟੋਫਾਸ)
- ਇੱਕ ਲਿਟਰ ਕੋਰੋਬਾਨ/ ਡਰਸਬਾਨ/ ਲੀਥਲ/ ਕਲੋਰਗਾਰਡ/ ਡਰਮਟ/ ਕਲਾਸਿਕ/ ਫੋਰਸ 20 ਈ ਸੀ (ਕਲੋਰਪਾਈਰੀਫ਼ਾਸ)
- 15 ਗ੍ਰਾਮ ਫਿਪਰੋਨਿਲ 80% ਡਬਲਯੂ ਜੀ (ਫਿਪਰੋਨਿਲ)

**ਹੇਠ ਲਿਖੇ ਦਾਣੇਦਾਰ ਕੀਟਨਾਸ਼ਕਾਂ ਵਿਚੋਂ ਕਿਸੇ ਇੱਕ ਦਾ ਖੜੇ ਪਾਣੀ ਵਿੱਚ ਪ੍ਰਤੀ ਏਕੜ ਛੱਟਾ ਦਿਓ:**

- 4 ਕਿਲੋ ਫਰਟੇਰਾ 0.4 ਜੀ ਆਰ (ਕਲੋਰਨਟਰੈਨਿਲੀਪਰੋਲ)
- 4 ਕਿਲੋ ਵਾਈਬਰੇਂਟ 4 ਜੀ (ਥਿਉਸਾਈਕਲੇਮ ਹਾਈਡ੍ਰੋਜ਼ਨ ਆਕਸਾਲੇਟ)
- 6 ਕਿਲੋ ਰੀਜੈਂਟ/ਮੋਰਟੈਲ/ਮਿਫਪਰੋ-ਜੀ/ਮਹਾਂਵੀਰ ਜੀ ਆਰ/ਸ਼ਿਨਜ਼ਨ 0.3 ਜੀ (ਫਿਪਰੋਨਿਲ)
- 10 ਕਿਲੋ ਪਡਾਨ/ਕੈਲਡਾਨ/ਕਰੀਟਾਪ/ਸੈੱਨਵੈਕਸ/ਨਿਦਾਨ/ਮਾਰਕਟੈਪ/ਮਿਫਟੈਪ/ਕਾਟਸੂ 4 ਜੀ (ਕਾਰਟਾਪ ਹਾਈਡਰੋਕਲੋਰਾਈਡ)
- 5 ਕਿਲੋ ਫੋਰਾਟੋਕਸ 10 ਜੀ (ਫੋਰੇਟ)
- 4 ਕਿਲੋ ਡਰਸਬਾਨ 10 ਜੀ (ਕਲੋਰਪਾਈਰੀਫਾਸ)

## ਪੱਤਾ ਲਪੇਟ ਸੁੰਡੀ

- ਸੁੰਡੀਆਂ ਪੱਤੇ ਨੂੰ ਲਪੇਟ ਕੇ ਹਰਾ ਮਾਦਾ ਖਾਂਦੀਆਂ ਹਨ
- ਪੱਤਿਆਂ ਉੱਤੇ ਚਿੱਟੇ ਰੰਗ ਦੀਆਂ ਧਾਰੀਆਂ ਪੈ ਜਾਂਦੀਆਂ ਹਨ

### ਰੋਕਥਾਮ

**ਹੇਠ ਲਿਖੇ ਕੀਟਨਾਸ਼ਕਾਂ ਵਿਚੋਂ ਕਿਸੇ ਇੱਕ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਛਿੜਕਾਅ ਕਰੋ:**

- 20 ਮਿਲੀਲਿਟਰ ਫੇਮ 480 ਐਸ ਸੀ (ਫਲੂਬੈਂਡਾਮਾਈਡ)
- 60 ਮਿਲੀਲਿਟਰ ਕੋਰਾਜਨ 20 ਐਸ ਸੀ (ਕਲੋਰਨਟਰੈਨਿਲੀਪਰੋਲ)
- 170 ਗ੍ਰਾਮ ਮੌਰਟਰ 75 ਐਸ ਜੀ (ਕਾਰਟਾਪ ਹਾਈਡਰੋਕਲੋਰਾਈਡ)
- 560 ਮਿਲੀਲਿਟਰ ਮੋਨੋਸਿਲ 36 ਐਸ ਐਲ (ਮੋਨੋਕਰੋਟੋਫਾਸ)
- ਇੱਕ ਲਿਟਰ ਕੋਰੋਬਾਨ/ ਡਰਸਬਾਨ/ ਲੀਥਲ/ ਕਲੋਰਗਾਰਡ/ ਡਰਮਟ/ ਕਲਾਸਿਕ/ ਫੋਰਸ 20 ਈ ਸੀ (ਕਲੋਰਪਾਈਰੀਫ਼ਾਸ)
- 15 ਗ੍ਰਾਮ ਫਿਪਰੋਨਿਲ 80% ਡਬਲਯੂ ਜੀ (ਫਿਪਰੋਨਿਲ)

**ਹੇਠ ਲਿਖੇ ਦਾਣੇਦਾਰ ਕੀਟਨਾਸ਼ਕਾਂ ਵਿਚੋਂ ਕਿਸੇ ਇੱਕ ਦਾ ਖੜੇ ਪਾਣੀ ਵਿੱਚ ਪ੍ਰਤੀ ਏਕੜ ਛੱਟਾ ਦਿਓ:**

- 4 ਕਿਲੋ ਫਰਟੇਰਾ 0.4 ਜੀ ਆਰ (ਕਲੋਰਨਟਰੈਨਿਲੀਪਰੋਲ)
- 4 ਕਿਲੋ ਵਾਈਬਰੇਂਟ 4 ਜੀ (ਥਿਉਸਾਈਕਲੇਮ ਹਾਈਡ੍ਰੋਜ਼ਨ ਆਕਸਾਲੇਟ)
- 6 ਕਿਲੋ ਰੀਜੈਂਟ/ਮੋਰਟੈਲ/ਮਿਫਪਰੋ-ਜੀ/ਮਹਾਂਵੀਰ ਜੀ ਆਰ/ਸ਼ਿਨਜ਼ਨ 0.3 ਜੀ (ਫਿਪਰੋਨਿਲ)
- 10 ਕਿਲੋ ਪਡਾਨ/ਕੈਲਡਾਨ/ਕਰੀਟਾਪ/ਸੈੱਨਵੈਕਸ/ਨਿਦਾਨ/ਮਾਰਕਟੈਪ/ਮਿਫਟੈਪ/ਕਾਟਸੂ 4 ਜੀ (ਕਾਰਟਾਪ ਹਾਈਡਰੋਕਲੋਰਾਈਡ)
- 4 ਕਿਲੋ ਡਰਸਬਾਨ 10 ਜੀ (ਕਲੋਰਪਾਈਰੀਫਾਸ)

## ਝੋਨੇ ਦਾ ਹਿਸਪਾ

- ਬੱਚੇ ਪੱਤਿਆਂ ਵਿੱਚ ਸੁਰੰਗਾਂ ਬਣਾ ਕੇ ਖਾਂਦੇ ਹਨ ਪਰ ਬਾਲਗ ਬਾਹਰੋਂ ਨੁਕਸਾਨ ਕਰਦੇ ਹਨ
- ਪੱਤਿਆਂ ਉੱਪਰ ਚਿੱਟੇ ਰੰਗ ਦੀਆਂ ਧਾਰੀਆਂ ਪੈ ਜਾਂਦੀਆਂ ਹਨ ਅਤੇ ਖੇਤ ਦੂਰੋਂ ਹੀ ਚਿੱਟਾ ਜਿਹਾ ਦਿਸਦਾ ਹੈ

### ਰੋਕਥਾਮ

**ਜੇਕਰ ਇਹ ਕੀੜਾ ਪਨੀਰੀ ਨੂੰ ਹੀ ਨੁਕਸਾਨ ਕਰਨ ਲੱਗ ਪਵੇ ਤਾਂ ਖੇਤ ਵਿੱਚੋਂ ਪਨੀਰੀ ਪੁੱਟ ਕੇ ਲਾਉਣ ਤੋਂ ਪਹਿਲਾਂ ਹਮਲੇ ਵਾਲੇ ਬੂਟਿਆਂ ਦੇ ਪੱਤੇ ਕੱਟ ਕੇ ਨਸ਼ਟ ਕਰ ਦਿਓ।ਜਦੋਂ ਫ਼ਸਲ ਤੇ ਹਮਲਾ ਦਿਖੇ ਤਾਂ ਹੇਠ ਲਿਖੇ ਕੀਟਨਾਸ਼ਕਾਂ ਵਿਚੋਂ ਕਿਸੇ ਇੱਕ ਨੂੰ 100 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਨਾਲ ਛਿੜਕਾਅ ਕਰੋ:**

- 120 ਮਿਲੀਲਿਟਰ ਮਿਥਾਇਲ ਪੈਰਾਥੀਆਨ 50 ਈ ਸੀ
- 800 ਮਿਲੀਲਿਟਰ ਏਕਾਲਕਸ 25 ਈ ਸੀ (ਕੁਇਨਲਫਾਸ)
- ਇੱਕ ਲਿਟਰ ਡਰਸਬਾਨ 20 ਈ ਸੀ (ਕਲੋਰਪਾਈਰੀਫਾਸ)

# ਬਿਮਾਰੀਆਂ

## ਤਣੇ ਦੁਆਲੇ ਪੱਤੇ ਦਾ ਝੁਲਸ ਰੋਗ

- ਤਣੇ ਦੁਆਲੇ ਪੱਤੇ ਉੱਤੇ ਸਲੇਟੀ ਰੰਗ ਦੇ ਜਾਮਣੀ ਕਿਨਾਰਿਆਂ ਵਾਲੇ ਧੱਬੇ ਪਾਣੀ ਦੀ ਸਤਹ ਤੋਂ ਉੱਪਰ ਪੈ ਜਾਂਦੇ ਹਨ ।



### ਰੋਕਥਾਮ

- ਨਾਈਟ੍ਰੋਜਨ ਵਾਲੀ ਖਾਦ ਦੀ ਵਧੇਰੇ ਵਰਤੋਂ ਨਾ ਕਰੋ।
- 80 ਗ੍ਰਾਮ ਨਟੀਵੋ ਜਾਂ 320 ਮਿ.ਲਿ. ਲਸਚਰ ਜਾਂ 200 ਮਿ.ਲਿ. ਐਮੀਸਟਾਰ ਟੋਪ ਜਾਂ ਟਿਲਟ ਜਾਂ ਫੋਲੀਕਰ/ ਓਰੀਅਸ ਜਾਂ ਮੋਨਸਰਨ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਦੇ ਹਿਸਾਬ ਨਾਲ ਵਰਤੋ।

## ਪੈਰਾਂ ਦਾ ਗਲਣਾ (ਝੰਡਾ ਰੋਗ)

- ਬਿਮਾਰ ਬੂਟੇ ਪੀਲੇ ਪੈ ਕੇ ਦੂਜੇ ਬੂਟਿਆਂ ਨਾਲੋਂ ਉੱਚੇ ਹੋ ਜਾਂਦੇ ਹਨ ।
- ਜਮੀਨ ਉੱਪਰਲੀਆਂ ਪੋਰੀਆਂ ਤੋਂ ਜੜ੍ਹਾਂ ਬਣਾ ਲੈਂਦੇ ਹਨ।
- ਪੌਦੇ ਦੇ ਤਣੇ ਦੇ ਬਾਹਰਲੇ ਪੱਤਿਆਂ ਤੇ ਚਿੱਟੀ ਜਾਂ ਗੁਲਾਬੀ ਉੱਲੀ ਨਜ਼ਰ ਆਉਂਦੀ ਹੈ ।



### ਰੋਕਥਾਮ

- ਬੀਜ ਨੂੰ ਬੀਜਣ ਤੋਂ ਪਹਿਲਾਂ ਬਾਵਿਸਟਨ (0.2%) + ਸਟਰੈਪਟੋਸਾਈਕਲੀਨ (0.01%) ਵਾਲੇ ਘੋਲ ਵਿੱਚ 12 ਘੰਟੇ ਲਈ ਡੁਬੋ ਦਿਉ।
- ਪਨੀਰੀ ਖੇਤ ਵਿੱਚ ਲਾਉਣ ਤੋਂ ਪਹਿਲਾਂ ਉਸ ਦੀਆਂ ਜੜ੍ਹਾਂ ਨੂੰ ਵੀ ਬਾਵਿਸਟਨ ਦੇ ਘੋਲ ਵਿੱਚ 6 ਘੰਟੇ ਲਈ ਡੁਬੋ ਲਵੋ।

ਜਾਂ

- ਬੀਜ ਨੂੰ ਬੀਜਣ ਤੋਂ ਪਹਿਲਾਂ ਬਾਵਿਸਟਨ (0.05%) + ਸਟਰੈਪਟੋਸਾਈਕਲੀਨ (0.01%) ਵਾਲੇ ਘੋਲ ਵਿੱਚ 12 ਘੰਟੇ ਲਈ ਡਬੋਣ ਤੋਂ ਬਾਅਦ 15 ਗ੍ਰਾਮ ਟਰਾਈਕੋਡਰਮਾ ਹਾਰਜ਼ੀਐਨਮ ਪ੍ਰਤੀ ਕਿੱਲੋ ਬੀਜ ਦੇ ਹਿਸਾਬ ਨਾਲ ਸੋਧ ਲਵੋ ।
- ਪਨੀਰੀ ਖੇਤ ਵਿੱਚ ਲਾਉਣ ਤੋਂ ਪਹਿਲਾਂ ਉਸ ਦੀਆਂ ਜੜ੍ਹਾਂ ਨੂੰ ਵੀ ਟਰਾਈਕੋਡਰਮਾ ਹਾਰਜ਼ੀਐਨਮ 15 ਗ੍ਰਾਮ ਪ੍ਰਤੀ ਲਿਟਰ ਪਾਣੀ ਵਿੱਚ 6 ਘੰਟੇ ਲਈ ਡੁਬੋ ਲਵੋ।

## ਝੂਠੀ ਕਾਂਗਿਆਂਰੀ

- ਦਾਣਿਆਂ ਦੀ ਥਾਂ ਪੀਲੀਆਂ ਗੋਲੀਆਂ ਬਣ ਜਾਂਦੀਆਂ ਹਨ।



## ਰੋਕਥਾਮ

- ਫਸਲ ਦੇ ਗੋਭ ਵਿੱਚ ਹੋਣ ਸਮੇਂ ਪਹਿਲਾ ਛਿੜਕਾਅ 500 ਗ੍ਰਾਮ ਕੋਸਾਈਡ 200 ਲਿਟਰ ਪਾਣੀ ਵਿੱਚ ਘੋਲ ਕੇ ਪ੍ਰਤੀ ਏਕੜ ਕਰੋ ।
- ਦੂਜਾ ਛਿੜਕਾਅ 10 ਦਿਨ ਬਾਅਦ 200 ਮਿ.ਲਿ. ਟਿਲਟ ਨੂੰ 200 ਲਿਟਰ ਪਾਣੀ ਵਿੱਚ ਘੋਲ ਕੇ ਕਰੋ।

## ਝੁਲਸ ਰੋਗ

- ਪੱਤਿਆਂ ਉੱਪਰ ਕਿਨਾਰਿਆਂ ਦੇ ਨਾਲ-ਨਾਲ ਹਰੀਆਂ-ਪੀਲੀਆਂ ਧਾਰੀਆਂ ਬਣ ਜਾਂਦੀਆਂ ਹਨ ।
- ਪੱਤਾ ਨੋਕ ਵੱਲੋਂ ਮੁੜਨਾ ਸ਼ੁਰੂ ਹੋ ਜਾਂਦਾ ਹੈ ਅਤੇ ਚਿੱਟਾ ਹੋ ਜਾਂਦਾ ਹੈ ।



**ਰੋਕਥਾਮ**

- ਪੀ ਆਰ 113,ਪੀ ਆਰ 115,ਪੀ ਆਰ 121, ਪੀ ਆਰ 122, ਪੀ ਆਰ 123, ਪੀ ਆਰ 124 ,ਪੀ ਆਰ 126, ਪੰਜਾਬ ਬਾਸਮਤੀ 3,ਪੰਜਾਬ ਬਾਸਮਤੀ 4 ਅਤੇ ਪੰਜਾਬ ਬਾਸਮਤੀ 5 ਕਿਸਮਾਂ ਬੀਜੋ।

**ਭੁਰੜ ਰੋਗ/ਘੰਡੀ ਰੋਗ**

- ਮੁੰਜਰ ਘੰਡੀ ਤੋਂ ਕਾਲ਼ੀ ਹੋ ਕੇ ਟੁੱਟ ਜਾਂਦੀ ਹੈ ।



**ਰੋਕਥਾਮ**

- ਐਮੀਸਟਾਰ ਟੌਪ 325 ਐਸ ਸੀ 200 ਮਿਲੀਲਿਟਰ ਜਾਂ ਇੰਡੋਫਿਲ ਜ਼ੈਡ-78, 75 ਘੁਲਣਸ਼ੀਲ (ਜ਼ਿਨੇਬ) 500 ਗ੍ਰਾਮ ਪ੍ਰਤੀ ਏਕੜ ਦਾ ਜਦੋਂ ਮੁੰਜਰ ਗੋਭ ਵਿੱਚ ਹੋਵੇ ਅਤੇ ਨਿਸਰਨ ਵੇਲੇ ਸਪਰੇਅ ਕਰੋ।

**ਨੋਟ**: ਲੋੜ ਨਾਲੋਂ ਜਿਆਦਾ ਨਾਈਟ੍ਰੋਜਨ ਵਾਲੀ ਖਾਦ ਦੀ ਵਰਤੋਂ ਬਿਮਾਰੀ ਅਤੇ ਕੀੜਿਆਂ ਦੇ ਹਮਲੇ ਵਿੱਚ ਵਾਧਾ ਕਰਦੀ ਹੈ ।

**ਵਧੇਰੇ ਜਾਣਕਾਰੀ ਲਈ ਸੰਪਰਕ ਕਰ**

ਕ੍ਰਿਸ਼ੀ ਵਿਗਿਆਨ ਕੇਂਦਰ, ਲੰਗੜੋਆ

ਜ਼ਿਲ੍ਹਾ ਸ਼ਹੀਦ ਭਗਤ ਸਿੰਘ ਨਗਰ

ਟੈਲੀਫੋਨ ਨੰਬਰ 01823-250652

ਈਮੇਲ kvknsr@pau.edu

ਵੈਬਸਾਈਟ www.kvknawanshahr.com